ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 13 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੭, ੩੦ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਚੰਡੀਗੜ੍ਹ ’ਚ ਅਧਿਆਪਕਾਂ ਦਾ ਹੱਲਾ ਬੋਲ !

# ਪੁਲਿਸ ਨੇ ਸੁੱਟੇ ਹੰਝੂ ਗੈਸ ਦੇ ਗੋਲੇ ਤੇ ਮਾਰੀਆਂ ਪਾਣੀ ਦੀਆਂ ਬੁਛਾੜਾਂ, ਪੱਗਾਂ ਲੱਥੀਆਂ

**ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਅੱਜ ਆਪਣੀਆਂ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਦੇ 25 ਸੈਕਟਰ ’ਚ ਰੈਲੀ ਕੀਤੀ ਜਾ ਰਹੀ ਹੈ। ਅਧਿਆਪਕਾਂ ਵੱਲੋਂ ਵਿਧਾਨ ਸਭਾ ਵੱਲ ਮਾਰਚ ਕੀਤਾ ਜਾ ਰਿਹਾ ਸੀ, ਜਿਸ ਨੂੰ ਵੱਡੀ ਗਿਣਤੀ ਤੈਨਾਤ ਪੁਲਿਸ ਨੇ ਬੈਰੀਕੇਡਿੰਗ ਰਾਹੀਂ ਰੋਕ ਲਿਆ, ਜਿਸ ਤੋਂ ਗੁੱਸੇ ’ਚ ਆਏ ਅਧਿਆਪਕਾਂ ਨੇ ਉਥੇ ਹੀ ਧਰਨਾ ਲਾ ਕੇ ਬੈਠ ਗਏ। ਜਾਣਕਾਰੀ ਅਨੁਸਾਰ, ਅਧਿਆਪਕਾਂ ਵੱਲੋਂ ਤਰੱਕੀ ਲਈ TET ਦੀ ਸ਼ਰਤ ਦਾ ਵਿਰੋਧ ਕੀਤਾ ਜਾ ਰਿਹਾ ਹੈ, ਪਰੰਤੂ ਪੰਜਾਬ ਸਰਕਾਰ ਵੱਲੋਂ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਹੈ। ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਨਾਲ ਗੱਲਬਾਤ ਪਿੱਛੋਂ ਕੋਈ ਨਤੀਜਾ ਨਾ ਨਿਕਲਣ ’ਤੇ 2 ਵਜੇ ਤੋਂ ਬਾਅਦ ਵਿਧਾਨ ਸਭਾ ਵੱਲ ਮਾਰਚ ਕੀਤਾ ਗਿਆ, ਪਰੰਤੂ ਪੁਲਿਸ ਨੇ ਅਧਿਆਪਕਾਂ ਨੂੰ ਰਸਤੇ ਵਿੱਚ ਰੋਕ ਲਿਆ। ਅਧਿਆਪਕਾਂ ਵੱਲੋਂ ਧੱਕੇ ਨਾਲ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਗਈ, ਜਿਸ ’ਤੇ ਪੁਲਿਸ ਨੇ ਹੰਝੂ ਗੈਸ ਦੇ ਗੋਲੇ ਸੁੱਟੇ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਇਸ ਦੌਰਾਨ ਕਈ ਅਧਿਆਪਕਾਂ ਦੀਆਂ ਪੱਗਾਂ ਵੀ ਲੱਥ ਗਈਆਂ। ਚੰਡੀਗੜ੍ਹ ਪੁਲਿਸ ਵੱਲੋਂ ਅਧਿਆਪਕਾਂ ਨਾਲ ਗੱਲਬਾਤ ਵੀ ਕੀਤੀ ਜਾ ਰਹੀ ਹੈ, ਪਰੰਤੂ ਅਜੇ ਤੱਕ ਕੋਈ ਵੀ ਗੱਲਬਾਤ ਸਿਰੇ ਨਹੀਂ ਚੜ੍ਹੀ। ਅਧਿਆਪਕਾਂ ਨੇ TET ਟੈਸ ਨੂੰ ਗੈਰ-ਕਾਨੂੰਨੀ ਦੱਸਿਆ ਹੈ।



ਉਧਰ, ਦੂਜੇ ਪਾਸੇ ਡੀਟੀਐਫ ਤੇ ਪੰਜਾਬ ਪ੍ਰਧਾਨ ਵਿਕਰਮਦੇਵ ਸਿੰਘ ਨੇ ਅਗਲਾ ਐਲਾਨ ਕਰਦਿਆਂ ਕਿਹਾ ਕਿ 16 ਤਰੀਕ ਨੂੰ ਸੈਸ਼ਨ ਦੇ ਵਿੱਚ ਜੇਕਰ ਪੰਜਾਬ ਸਰਕਾਰ ਵੱਲੋਂ ਕੋਈ ਮਤਾ ਨਾ ਪਾਇਆ ਗਿਆ ਅਤੇ ਕਿਸੇ ਤਰੀਕੇ ਦੀ ਜੇਕਰ ਸਹਿਮਤੀ ਨਹੀਂ ਬਣਦੀ ਤਾਂ 17 ਤਰੀਕ ਨੂੰ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ। ਪੰਜਾਬ ਭਰ ਦੇ ਅਧਿਆਪਕ ਇਸ ਦਾ ਹਿੱਸਾ ਬਣਨਗੇ।“

(ਫਾਈਲ ਫੋਟੋ)




## ਸਿੱਧੂ ਮੂਸੇਵਾਲਾ ਕਤਲ ਮਾਮਲੇ ’ਚ ਪਵਨ ਬਿਸ਼ਨੋਈ ਅਤੇ ਜਗਤਾਰ ਸਿੰਘ ਨੂੰ ਸੁਪਰੀਮ ਕੋਰਟ ਨੇ ਦਿੱਤੀ ਜ਼ਮਾਨਤ

**ਨਵੀਂ ਦਿੱਲੀ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਸੁਪਰੀਮ ਕੋਰਟ ਨੇ 2 ਮੁਲਜ਼ਮਾਂ ਪਵਨ ਬਿਸ਼ਨੋਈ ਅਤੇ ਜਗਤਾਰ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਦੋਵੇਂ ਮੁਲਜ਼ਮ ਲੰਬੇ ਸਮੇਂ ਤੋਂ ਨਿਆਂਇਕ ਹਿਰਾਸਤ ’ਚ ਸਨ। ਸਿੱਧੂ ਮੂਸੇਵਾਲਾ ਦੀ 29 ਮਈ 2022 ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਅਦਾਲਤ ਦੇ ਹੁਕਮ ਨਾਲ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ਤੋਂ ਰਿਹਾਅ ਕਰਨ ਦੀ ਇਜਾਜ਼ਤ ਉਦੋਂ ਤੱਕ ਮਿਲੀ ਹੈ, ਜਦੋਂ ਤੱਕ ਕਿ ਹਾਈ-ਪ੍ਰੋਫਾਈਲ ਕਤਲ ਕੇਸ ਵਿਚ ਮੁਕੱਦਮਾ ਚੱਲ ਰਿਹਾ ਹੈ। ਇਹ ਮਾਮਲਾ ਮਾਨਸਾ ਨੇੜਲੇ ਪਿੰਡ ਜਵਾਹਰਕੇ ’ਚ 29 ਮਈ 2022 ਨੂੰ ਸਿੱਧੂ ਮੂਸੇਵਾਲਾ ਦਾ ਛੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਉਦੋਂ ਕਤਲ ਕਰ ਦਿੱਤਾ ਗਿਆ ਸੀ। ਦੱਸ ਦੇਈਏ ਕਿ ਸੂਬਾ ਸਰਕਾਰ ਵੱਲੋਂ ਸੁਰੱਖਿਆ ਵਾਪਸ ਲੈਣ ਤੋਂ ਇਕ ਦਿਨ ਬਾਅਦ 29 ਮਈ ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਕਤਲ ਕਰ ਦਿੱਤਾ ਗਿਆ ਸੀ। ਘਟਨਾ ਸਮੇਂ ਮੂਸੇਵਾਲਾ ਦਾ ਭਰਾ ਅਤੇ ਦੋਸਤ ਵੀ ਉਨ੍ਹਾਂ ਦੀ ਗੱਡੀ ’ਚ ਸਵਾਰ ਸਨ, ਜੋ ਹਮਲੇ ’ਚ ਜ਼ਖਮੀ ਹੋ ਗਏ। ਅਪਰਾਧੀਆਂ ਨੇ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਹਮਲਾਵਰਾਂ ਨੇ ਮੂਸੇਵਾਲਾ ’ਤੇ ਕਰੀਬ 30 ਰਾਊਂਡ ਫਾਇਰ ਕੀਤੇ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨੇ ਜ਼ਿੰਮੇਵਾਰੀ ਲਈ ਸੀ।

## ਈਰਾਨ ਦਾ ਕੁਵੈਤ ’ਤੇ ਵੱਡਾ ਡਰੋਨ ਹਮਲਾ ! ਕੌਮਾਂਤਰੀ ਹਵਾਈ ਅੱਡੇ ਨੂੰ ਬਣਾਇਆ ਨਿਸ਼ਾਨਾ

**ਕੁਵੈਤ ਸਿਟੀ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਵੀਰਵਾਰ ਸਵੇਰੇ ਈਰਾਨ ਵੱਲੋਂ ਕੁਵੈਤ ਦੇ ਕੌਮਾਂਤਰੀ ਹਵਾਈ ਅੱਡੇ ’ਤੇ ਕਈ ਡਰੋਨਾਂ ਨਾਲ ਹਮਲਾ ਕੀਤਾ ਗਿਆ ਹੈ। ਕੁਵੈਤ ਦੀ ਸਿਵਲ ਐਵੀਏਸ਼ਨ ਅਥਾਰਟੀ ਵੱਲੋਂ ਜਾਰੀ ਬਿਆਨ ਅਨੁਸਾਰ, ਇਸ ਹਮਲੇ ’ਚ ਹਵਾਈ ਅੱਡੇ ਦਾ ਸਿਰਫ਼ ਮਾਲੀ ਨੁਕਸਾਨ ਹੋਇਆ ਹੈ ਤੇ ਕਿਸੇ ਦੇ ਵੀ ਜ਼ਖਮੀ ਹੋਣ ਜਾਂ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਇਹ ਕਾਰਵਾਈ ਅਮਰੀਕਾ ਤੇ ਇਜ਼ਰਾਈਲ ਦੇ ਹਮਲਿਆਂ ਦੇ ਜਵਾਬ ’ਚ ਈਰਾਨ ਵੱਲੋਂ ਖਾੜੀ ਖੇਤਰ ’ਚ ਕੀਤੀ ਜਾ ਰਹੀ ਜਵਾਬੀ ਕਾਰਵਾਈ ਦਾ ਹਿੱਸਾ ਮੰਨੀ ਜਾ ਰਹੀ ਹੈ। ਜਾਣਕਾਰੀ ਮੁਤਾਬਕ, ਜੰਗ ਦੇ ਹਾਲਾਤਾਂ ਕਾਰਨ ਕੁਵੈਤ ਦਾ ਹਵਾਈ ਖੇਤਰ ਪਹਿਲਾਂ ਹੀ ਬੰਦ ਸੀ। ਹਵਾਈ ਅੱਡੇ ’ਤੇ ਹਮਲੇ ਤੋਂ ਕੁਝ ਸਮਾਂ ਪਹਿਲਾਂ, ਕੁਵੈਤ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਸੀ ਕਿ ਇੱਕ ਈਰਾਨੀ ਡਰੋਨ ਇੱਕ ਰਿਹਾਇਸ਼ੀ ਇਮਾਰਤ ਨਾਲ ਟਕਰਾ ਗਿਆ, ਜਿਸ ਕਾਰਨ ਦੋ ਲੋਕ ਜ਼ਖਮੀ ਹੋ ਗਏ। ਈਰਾਨ ਨੇ ਖੇਤਰ ਵਿੱਚ ਊਰਜਾ ਸਪਲਾਈ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਈਰਾਨ ਦੀ ਇਸ ਮੁਹਿੰਮ ਦੀ ਲਪੇਟ ’ਚ ਗੁਆਂਢੀ ਦੇਸ਼ ਵੀ ਆ ਰਹੇ ਹਨ। ਗੁਆਂਢੀ ਦੇਸ਼ ਬਹਿਰੀਨ ਦੇ ਮੁਹਾਰਕ ਟਾਪੂ ’ਤੇ ਹੋਏ ਈਰਾਨੀ ਹਮਲੇ ਕਾਰਨ ਭਿਆਨਕ ਅੱਗ ਲੱਗ ਗਈ। ਇਸੇ ਤਰ੍ਹਾਂ ਦੁਬਈ (ਯੂ.ਏ.ਈ.) ’ਚ ਵੀ ਡਰੋਨ ਹਮਲੇ ਤੇ ਮਲਬਾ ਡਿੱਗਣ ਦੀਆਂ ਖ਼ਬਰਾਂ ਹਨ। ਸੰਯੁਕਤ ਅਰਬ ਅਮੀਰਾਤ ਨੇ ਦੱਸਿਆ ਕਿ ਉਨ੍ਹਾਂ ਨੇ ਦੁਬਈ ਦੀ ਸੁਰੱਖਿਆ ਲਈ ਦੋ ਵਾਰ ਆਪਣੀ ਹਵਾਈ ਰੱਖਿਆ ਪ੍ਰਣਾਲੀ ਨੂੰ ਸਰਗਰਮ ਕੀਤਾ। ਦੁਬਈ ਕ੍ਰੀਕ ਹਾਰਬਰ ਸਥਿਤ ਇੱਕ ਟਾਵਰ ’ਤੇ ਡਰੋਨ ਦੇ ਟਕਰਾਉਣ ਤੋਂ ਬਾਅਦ ਲੱਗੀ ਅੱਗ ਨੂੰ ਫਾਇਰ ਬ੍ਰਿਗੇਡ ਨੇ ਬੜੀ ਮੁਸ਼ਕਲ ਨਾਲ ਬੁਝਾਇਆ। ਮੱਧ ਪੂਰਬ ਦੀ ਜੰਗ ਸ਼ੁਰੂ ਹੋਣ ਤੋਂ ਬਾਅਦ ਖਾੜੀ ਖੇਤਰ ’ਤੇ ਇਸ ਦਾ ਸਭ ਤੋਂ ਵੱਧ ਪ੍ਰਭਾਵ ਪਿਆ ਹੈ। ਹੁਣ ਤੱਕ ਇਸ ਖੇਤਰ ’ਚ 24 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ’ਚ 11 ਆਮ ਨਾਗਰਿਕ ਤੇ 7 ਅਮਰੀਕੀ ਫੌਜੀ ਸ਼ਾਮਲ ਹਨ। ਖੇਤਰ ’ਚ ਲਗਾਤਾਰ ਹੋ ਰਹੇ ਡਰੋਨ ਹਮਲਿਆਂ ਕਾਰਨ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

## ਹਰਸਿਮਰਤ ਬਾਦਲ ਨੇ ਮੁੱਖ ਮੰਤਰੀ ਮਾਨ ਖ਼ਿਲਾਫ਼ ਮਹਿਲਾ ਕਮਿਸ਼ਨ ਕੋਲ ਕੀਤੀ ਸ਼ਿਕਾਇਤ



**ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਮੋਰਚਾ ਖੋਲ੍ਹਦਿਆਂ ਉਨ੍ਹਾਂ ਖ਼ਿਲਾਫ਼ ਕੌਮੀ ਮਹਿਲਾ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਹਰਸਿਮਰਤ ਕੌਰ ਬਾਦਲ ਨੇ ਟਵੀਟਰ ਰਾਹੀਂ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵਿਜਿਆ ਰਾਹਤਕਰ ਨੂੰ ਅਪੀਲ ਕੀਤੀ ਹੈ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਵਿਰੁੱਧ ਕੀਤੀਆਂ ਗਈਆਂ ਕਥਿਤ ਤੌਰ ’ਤੇ ਮਹਿਲਾ ਵਿਰੋਧੀ, ਅਪਮਾਨਜਨਕ ਅਤੇ ਅਸ਼ਲੀਲ ਟਿੱਪਣੀਆਂ ਦਾ ਸਖ਼ਤ ਨੋਟਿਸ ਲੈਣ। ਹਰਸਿਮਰਤ ਕੌਰ ਬਾਦਲ ਨੇ ਆਪਣੀ ਸ਼ਿਕਾਇਤ ’ਚ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਉਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਮੁੱਖ ਮੰਤਰੀ ਵਿਰੁੱਧ ਐਫ.ਆਈ.ਆਰ. ਦਰਜ ਕਰਨ ਦੇ ਨਿਰਦੇਸ਼ ਜਾਰੀ ਕਰਨ। ਕਮਿਸ਼ਨ ਦੇ ਚੇਅਰਪਰਸਨ ਨੂੰ ਲਿਖੇ ਪੱਤਰ ਹਰਸਿਮਰਤ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਵੇਂ ਉਹ ਔਰਤਾਂ ਨੂੰ ਪੀਲਾ ਭੂੰਡ ਅਤੇ ਪਾਕਿਸਤਾਨ ਦਾ ਝੰਡਾ ਕਰਾਰ ਦਿੰਦੇ ਸਨ ਤੇ ਜਿਹੋ ਜਿਹਾ ਸੂਟ ਪਾਇਆ ਹੁੰਦਾ ਸੀ, ਉਸ ਮੁਤਾਬਕ ਟਿੱਪਣੀਆਂ ਕਰਦੇ ਸਨ ਤੇ ਆਪਣੇ ਦੋਸਤਾਂ ਨੂੰ ਝੂਠ ਬੋਲਦੇ ਸਨ ਕਿ ਉਨ੍ਹਾਂ ਦਾ ਕੁੜੀ ਨਾਲ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਹੋਰ ਵੀ ਮੰਦਭਾਗੀ ਗੱਲ ਹੈ ਕਿ ਕਾਲਜ ਦਿਨਾਂ ਵਿਚ ਕੁੜੀਆਂ ਵਿਚੋਂ ਇਕ ਜਿਸਨੇ ਉਨ੍ਹਾਂ ਨਾਲ ਦੋਸਤੀ ਕਰਨ ਤੋਂ ਨਾਂਹ ਕਰ ਦਿੱਤੀ ਸੀ ਨੂੰ ਕਾਲਜ ਵਿਚ ਉਨ੍ਹਾਂ ਦਾ ਸਵਾਗਤ ਕਰਨ ਵਾਸਤੇ ਮਜ਼ਬੂਰ ਹੋਣਾ ਪਿਆ ਜਿਥੇ ਉਹ ਮੁੱਖ ਮਹਿਮਾਨ ਵਜੋਂ ਗਏ ਸਨ। ਬੀਬਾ ਬਾਦਲ ਨੇ ਕਿਹਾ ਕਿ ਜਿਸ ਤਰੀਕੇ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ ’ਤੇ ਅਕਾਦਮਿਕ ਭਾਈਚਾਰੇ ਦੇ ਸਾਹਮਣੇ ਅਜਿਹੀਆਂ ਗੱਲਾਂ ਕੀਤੀਆਂ ਗਈਆਂ, ਉਸ ਨਾਲ ਔਰਤਾਂ ਦੇ ਮਾਣ ਸਨਮਾਨ ਨੂੰ ਵੱਡੀ ਠੇਸ ਪਹੁੰਚੀ ਹੈ ਤੇ ਗੁੰਡਾਗਰਦੀ, ਛੇੜਛਾੜ ਤੇ ਔਰਤਾਂ ਪ੍ਰਤੀ ਮੰਦੀ ਸ਼ਬਦਾਵਲੀ ਬੋਲਣ ਨੂੰ ਉਤਸ਼ਾਹ ਮਿਲਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨਕ ਅਹੁਦੇ ’ਤੇ ਬੈਠੇ ਅਤੇ ਸਰਕਾਰ ਦੇ ਮੁਖੀ ਇਕ ਵਿਅਕਤੀ ਨੂੰ ਅਜਿਹੀਆਂ ਗੱਲਾਂ ਸੋਭਦੀਆਂ ਨਹੀਂ ਹਨ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਭਗਵੰਤ ਮਾਨ ਨੇ ਕਾਲਜ ਵਿਦਿਆਰਥੀਆਂ ਦੇ ਸਾਹਮਣੇ ਅਜਿਹੇ ਅਪਮਾਨਜਨਕ ਸ਼ਬਦ ਵਰਤੇ ਹਨ ਜਿਸ ਤੋਂ ਖ਼ਤਰਨਾਕ ਸੰਦੇਸ਼ ਗਿਆ ਹੈ ਕਿ ਔਰਤਾਂ ਦੇ ਮਾਣ ਸਨਮਾਨ ਤੇ ਪਛਾਣ ਨੂੰ ਸਿਰਫ ਹਾਸੇ ਮਜ਼ਾਕ ਤੇ ਸਸਤੇ ਮਖੌਲ ਵਾਸਤੇ ਘਟਾ ਕੇ ਪੇਸ਼ ਕੀਤਾ ਜਾ ਸਕਦਾ ਹੈ।

## ਪੰਜਾਬ ’ਚ ਵਧਿਆ ਗੈਸ ਸੰਕਟ ! ਏਜੰਸੀਆਂ ਦੇ ਬਾਹਰ ਲੰਬੀਆਂ ਲਾਈਨਾਂ, ਖਾਣ-ਪੀਣ ਵਾਲੀਆਂ ਦੁਕਾਨਾਂ ਠੱਪ ਹੋਣ ਕੰਢੇ

**ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਨੇ ਇੱਕ ਵਿਆਪਕ ਊਰਜਾ ਸੰਕਟ ਪੈਦਾ ਕਰ ਦਿੱਤਾ ਹੈ, ਜਿਸਦਾ ਪ੍ਰਭਾਵ ਪੰਜਾਬ ਅਤੇ ਚੰਡੀਗੜ੍ਹ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਵਪਾਰਕ ਐਲਪੀਜੀ ਸਿਲੰਡਰਾਂ ਦੀ ਸਪਲਾਈ ਕਈ ਥਾਵਾਂ ’ਤੇ ਬੰਦ ਕਰ ਦਿੱਤੀ ਗਈ ਹੈ, ਜਦੋਂ ਕਿ ਲੋਕਾਂ ਨੂੰ ਘਰੇਲੂ ਸਿਲੰਡਰਾਂ ਦੀ ਬੁਕਿੰਗ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ, ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਘਰੇਲੂ ਐਲਪੀਜੀ ਸਿਲੰਡਰਾਂ ਦੀ ਘਾਟ ਕਾਰਨ ਕਈ ਗੈਸ ਏਜੰਸੀਆਂ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਸੀ। ਚੰਡੀਗੜ੍ਹ ਵਿੱਚ ਵੀ ਇਸੇ ਤਰ੍ਹਾਂ ਦੇ ਦ੍ਰਿਸ਼ ਦੇਖੇ ਗਏ, ਗੈਸ ਸਟੇਸ਼ਨਾਂ ਦੇ ਬਾਹਰ ਲੰਬੀਆਂ ਕਤਾਰਾਂ ਲੱਗ ਗਈਆਂ ਅਤੇ ਲੋਕ ਖਾਲੀ ਸਿਲੰਡਰਾਂ ਨਾਲ ਬੇਵੱਸ ਜਾਪਦੇ ਸਨ। ਲੋਕਾਂ ਦੇ ਅਨੁਸਾਰ, ਬੁਕਿੰਗ ਦੀ ਮਿਆਦ ਵੀ 30 ਦਿਨਾਂ ਤੱਕ ਵਧਾ ਦਿੱਤੀ ਗਈ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਪੰਜਾਬ ਵਿੱਚ ਕਿਤੇ ਵੀ ਐਲਪੀਜੀ ਗੈਸ ਦੀ ਕੋਈ ਕਮੀ ਨਾ ਹੋਵੇ।” ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵਿੱਚ ਕਿਤੇ ਵੀ ਐਲਪੀਜੀ ਗੈਸ ਦੀ ਕੋਈ ਕਮੀ ਨਾ ਹੋਵੇ। ਉਨ੍ਹਾਂ ਨੇ ਕਾਲੇ ਬਾਜ਼ਾਰ ਵਿੱਚ ਸਿਲੰਡਰਾਂ ਦੀ ਜਮ੍ਹਾਖੋਰੀ ਅਤੇ ਵਿਕਰੀ ਵਿਰੁੱਧ ਵੀ ਚੇਤਾਵਨੀ ਦਿੱਤੀ। ਪੰਜਾਬ ਸਿੱਖਿਆ ਖ਼ਬਰਾਂ ਇਨ੍ਹਾਂ ਨਿਰਦੇਸ਼ਾਂ ਤੋਂ ਬਾਅਦ ਡਿਪਟੀ ਕਮਿਸ਼ਨਰਾਂ ਵੱਲੋਂ ਗੈਸ ਏਜੰਸੀਆਂ ਦੇ ਬਾਹਰ ਸਿਲੰਡਰਾਂ ਲਈ ਲੋਕਾਂ ਦੀਆਂ ਲੰਬੀਆਂ ਲਾਈਨਾਂ ਦੀਆਂ ਖ਼ਬਰਾਂ ਮਿਲਣ ਤੋਂ ਬਾਅਦ ਹਰਕਤ ’ਚ ਆਉਂਦੇ ਹੋਏ ਅਪੀਲ ਕੀਤੀ ਜਾ ਰਹੀ ਹੈ। ਅਧਿਕਾਰੀਆਂ ਵੱਲੋਂ ਲੋਕਾਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਲਈ ਕਿਹਾ ਜਾ ਰਿਹਾ ਹੈ ਅਤੇ ਸਿਲੰਡਰਾਂ ਦੀ ਕੋਈ ਵੀ ਘਾਟ ਨਾ ਹੋਣ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਦੌਰਾਨ, ਐਲਪੀਜੀ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਰੁਣ ਗੁਪਤਾ ਨੇ ਕਿਹਾ ਕਿ ਘਰੇਲੂ ਗੈਸ ਸਿਲੰਡਰਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰ ਏਜੰਸੀ ਕੋਲ ਲੋੜੀਂਦਾ ਸਟਾਕ ਹੈ, ਪਰ ਡਿਲੀਵਰੀ ਪ੍ਰਭਾਵਿਤ ਹੋ ਰਹੀ ਹੈ ਕਿਉਂਕਿ ਬੁਕਿੰਗਾਂ ਪੋਰਟਲ ’ਤੇ ਦਿਖਾਈ ਨਹੀਂ ਦੇ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਏਜੰਸੀਆਂ ਗਾਹਕਾਂ ਨੂੰ ਉਨ੍ਹਾਂ ਦੀ ਬੁਕਿੰਗ ਦੀ ਪੁਸ਼ਟੀ ਕੀਤੇ ਬਿਨਾਂ ਸਿਲੰਡਰ ਨਹੀਂ ਭੇਜ ਸਕਦੀਆਂ।” ਇਸ ਦੌਰਾਨ, ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ ਆਫ਼ ਇੰਡੀਆ (ਐਨਆਰਏਆਈ), ਇੰਡੀਅਨ ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ (ਏਐਚਏਆਰ), ਬੈਂਗਲੁਰੂ ਹੋਟਲਜ਼ ਐਸੋਸੀਏਸ਼ਨ, ਚੇਨਈ ਹੋਟਲਜ਼ ਐਸੋਸੀਏਸ਼ਨ, ਚੇਨਈ ਟੀ ਸ਼ਾਪਸ ਐਸੋਸੀਏਸ਼ਨ, ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ ਆਫ਼ ਓਡੀਸ਼ਾ (ਐਚਆਰਏਓ), ਅਤੇ ਕਈ ਹੋਟਲ ਮਾਲਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਰਸੋਈ ਗੈਸ ਦੀ ਉਪਲਬਧਤਾ ਨਾ ਹੋਣ ਕਾਰਨ ਬਹੁਤ ਸਾਰੀਆਂ ਇਕਾਈਆਂ ਨੂੰ ਆਪਣੀਆਂ ਦੁਕਾਨਾਂ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ।




## ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕਿਹਾ - ਦਿੱਲੀ ਦੀ ਅਦਾਲਤ ਨੇ ਖਾਰਜ ਕੀਤੇ ਆਰੋਪ



**ਅੰਮ੍ਰਿਤਸਰ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਵੀਰਵਾਰ ਦੁਪਹਿਰ ਨੂੰ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ। ਉਨ੍ਹਾਂ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਸਨ। ਦੋਵਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਕਥਿਤ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਬਰੀ ਹੋਣ ਤੋਂ ਬਾਅਦ ਕੇਜਰੀਵਾਲ ਦਾ ਇਹ ਪੰਜਾਬ ਦਾ ਪਹਿਲਾ ਦੌਰਾ ਹੈ। ਇਸ ਦੌਰੇ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ, “ਅਸੀਂ ਸ੍ਰੀ ਦਰਬਾਰ ਸਾਹਿਬ ਸ਼ੁਕਰਾਨਾ ਕਰਨ ਆਏ ਹਾਂ। ਪਿਛਲੇ ਦਿਨੀਂ ਦਿੱਲੀ ਦੀ ਅਦਾਲਤ ਨੇ ਸਾਰੇ ਆਰੋਪ ਖਾਰਜ ਕਰ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਕੇਸ ਚਲਾਉਣ ਲਈ ਕਾਫ਼ੀ ਸਬੂਤ ਨਹੀਂ ਸਨ। ਇਸ ਲਈ ਸਾਨੂੰ ਆਰੋਪਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਕੇਜਰੀਵਾਲ ਨੇ ਕਿਹਾ, “ਇਹ ਸਭ ਵਾਹਿਗੁਰੂ ਜੀ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਸੀ। ਮੈਂ ਪਹਿਲਾਂ ਵੀ ਕਈ ਵਾਰ ਮੱਥਾ ਟੇਕਣ ਇੱਥੇ ਆਇਆ ਹਾਂ ਪਰ ਹੁਣ ਸਾਨੂੰ ਸਾਡਾ ਸਨਮਾਨ ਵਾਪਸ ਮਿਲਿਆ ਹੈ ਅਤੇ ਸਾਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਗਿਆ ਹੈ ਤਾਂ ਸਾਡੇ ਦੋਵੇਂ ਪਰਿਵਾਰ ਇੱਥੇ ਮੱਥਾ ਟੇਕਣ ਆਏ ਹਨ।” ਮੀਡੀਆ ਨਾਲ ਗੱਲ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਅਤੇ ਅਰਵਿੰਦ ਕੇਜਰੀਵਾਲ ਆਪਣੇ ਪਰਿਵਾਰਾਂ ਸਮੇਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੀ ਇੱਕ ਅਦਾਲਤ ਨੇ ਹਾਲ ਹੀ ਵਿੱਚ ਸੱਚਾਈ ’ਤੇ ਅਧਾਰਤ ਫੈਸਲਾ ਸੁਣਾਇਆ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ’ਤੇ ਲਗਾਏ ਗਏ ਸਾਰੇ ਝੂਠੇ ਦੋਸ਼ ਗਲਤ ਸਾਬਤ ਹੋਏ ਹਨ। ਭਗਵੰਤ ਮਾਨ ਨੇ ਕਿਹਾ ਕਿ ਅਦਾਲਤ ਨੇ ਸਾਫ਼ ਕਿਹਾ ਹੈ ਕਿ ਇਸ ਮਾਮਲੇ ਵਿੱਚ ਕੋਈ ਕੇਸ ਬਣਦਾ ਹੀ ਨਹੀਂ ਹੈ। “ਅਸੀਂ ਇਹ ਨਹੀਂ ਕਹਿ ਰਹੇ ਕਿ ਅਸੀਂ ਬਰੀ ਹੋ ਗਏ , ਬਲਕਿ ਇਹ ਕਹਿ ਰਹੇ ਹਾਂ ਕਿ ਮੁਕੱਦਮਾ ਸ਼ੁਰੂ ਹੀ ਨਹੀਂ ਹੋਇਆ, ਕਿਉਂਕਿ ਟ੍ਰਾਇਲ ਹੀ ਨਹੀਂ ਹੋਇਆ। ਪੰਜਾਬ ’ਚ ਜੋ ਸੇਵਾ ਸਾਨੂੰ ਦਿੱਤੀ ਗਈ ਹੈ ,ਉਸਦੇ ਪੂਰੇ 4 ਸਾਲ ਹੋਣੇ ਜਾ ਰਹੇ ਹਨ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਨਗਰ ਕੀਰਤਨ ਐਤਵਾਰ 29 ਮਾਰਚ ਨੂੰ

ਨਗਰ ਕੀਰਤਨ ਦਾ ਸਮਾਂ : 12 ਵਜੇ ਅਰੰਭਤਾ ਅਤੇ 5 ਵਜੇ ਸਮਾਪਤੀ ਹੋਵੇਗੀ । ਹੋਲੇ ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ।

ਸ਼ਨਿੱਚਰਵਾਰ 28 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ ।

ਐਤਵਾਰ 29 ਮਾਰਚ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ।

ਢਾਡੀ ਜਥਾ, ਰਾਗੀ ਜਥਾ , ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

ਤਰਾਂ-ਤਰਾਂ ਸਟਾਲ ਵੀ ਲੱਗਣਗੇ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।


★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛੱਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
*Raghbir Singh Walsal*
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ
ਧਾਰਮਿਕ ਦੀਵਾਨ
12-13-14 ਮਾਰਚ 2026
ਸਮਾਂ : ਦੁਪਹਿਰ 12 ਤੋਂ 3 ਵਜੇ ਤੱਕ
ਪਿੰਡ ਗਿਆਨਾ ਜ਼ਿਲਾ ਬਠਿੰਡਾ (ਪੰਜਾਬ)
ਸਥਾਨ : ਗੁਰਦੁਆਰਾ ਸਾਹਿਬ
ਅੰਮ੍ਰਿਤ ਸੰਚਾਰ 14 ਮਾਰਚ ਦਿਨੇ 12 ਵਜੇ ਹੋਵੇਗਾ ਜੀ
ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਗੁਰਬਾਣੀ ਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
LIVE ON Mr.Singh Production Nihal TV
facebook : /jathedarbaljitkhalsasinghdaduwal



ਬੇਨਤੀ ਕਰਤਾ - ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ਸਾਧਸੰਗਤ ਅਤੇ ਨਗਰ ਪੰਚਾਇਤ ਪਿੰਡ ਗਿਆਨਾ ਜਿਲ੍ਹਾ ਬਠਿੰਡਾ
ਸੰਪਰਕ ਨੰ: 94172-09926 80546-10503


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਨਾਨਕਸ਼ਾਹੀ ਸੰਮਤ 558 ਅਨੁਸਾਰ ਨਵੇਂ ਸਾਲ ਦੀ ਅਰੰਭਤਾ ਹੋਣ ਜਾ ਰਹੀ ਹੈ

ਸ਼ੁੱਕਰਵਾਰ 13 ਮਾਰਚ ਸ਼ਾਮ ਨੂੰ 6:30 ਦੀਵਾਨਾ ਦੀ ਅਰੰਭਤਾ ਹੋਵੇਗੀ ਅਤੇ ਰਾਤ 12:30 ਵਜੇ ਦੀਵਾਨਾ ਸਮਾਪਤੀ ਹੋਵੇਗੀ।

## ਸੰਗਰਾਂਦ ਰਾਤ 12 ਵਜੇ ਬਾਰਾਂ ਮਾਹ ਦੀ ਬਾਣੀ ਪਾਠ ਹੋਵੇਗਾ।

ਰਾਗੀ ਜਥੇ ਕੀਰਤਨ ਦੀ ਹਾਜ਼ਰੀ ਭਰਨਗੇ ਅਤੇ ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ


# ਮਨਾਇਆ ਕੌਮਾਂਤਰੀ ਮਹਿਲਾ ਦਿਵਸ






ਤਲਵੰਡੀ ਸਾਬੋ, 12 ਮਾਰਚ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਦੇ ਸਥਾਨਕ ਕੈਂਪਸ ਵਿਖੇ ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਜ਼ ਵਿਭਾਗ ਦੇ ਐਨ.ਐਸ.ਐਸ ਯੂਨਿਟ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਵਕਤਾ ਵਜੋਂ ਡਾ. ਨਵਦੀਪ ਕੌਰ ਮੁਖੀ, ਪੋਸਟ ਗ੍ਰੈਜੂਏਸ਼ਨ ਵਿਭਾਗ, ਰੀਜ਼ਨਲ ਸੈਂਟਰ ਬਠਿੰਡਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਸੁਨੀਤਾ ਰਾਣੀ ਨੇ ਮਹਿਲਾ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਮਹਿਲਾਵਾਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਅਤੇ ਮੁੱਖ ਵਕਤਾ ਦੀ ਜਾਣ ਪਛਾਣ ਕਰਵਾਈ। ਡਾ. ਸੰਦੀਪ ਰਾਣਾ ਮੁਖੀ ਭਾਸ਼ਾਵਾਂ ਵਿਭਾਗ ਨੇ ਆਪਣੇ ਸਵਾਗਤੀ ਭਾਸ਼ਣ 'ਚ ਕੌਮਾਂਤਰੀ ਮਹਿਲਾ ਦਿਵਸ ਨੂੰ ਸਿਰਫ਼ ਇੱਕ ਦਿਨ ਮਨਾਉਣ ਤੱਕ ਸੀਮਿਤ ਰੱਖਣ ਤੋਂ ਇਲਾਵਾ ਸਮਾਜ ਵਿੱਚ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਨਮਾਨ ਲਈ ਲਗਾਤਾਰ ਯਤਨਾਂ ਦਾ ਸੱਦਾ ਦਿੱਤਾ। ਆਪਣੇ ਸੰਬੋਧਨ ਦੌਰਾਨ ਡਾ ਨਵਦੀਪ ਕੌਰ ਨੇ ਆਧੁਨਿਕ ਸਮੇਂ ਵਿੱਚ ਔਰਤਾਂ ਸਾਹਮਣੇ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਮਹਿਲਾਵਾਂ ਨੂੰ ਸਿੱਖਿਆ, ਰੁਜ਼ਗਾਰ ਅਤੇ ਸਮਾਜਿਕ ਖੇਤਰਾਂ ਵਿੱਚ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਆਪਣੀ ਸਮਰੱਥਾ ਨੂੰ ਪੂਰੀ ਤਰ੍ਹਾਂ ਪ੍ਰਗਟ ਕਰ ਸਕਣ। ਉਨ੍ਹਾਂ ਨੇ ਮਹਿਲਾ ਸਸ਼ਕਤੀਕਰਨ ਨੂੰ ਸਮਾਜਿਕ ਤਰੱਕੀ ਦੀ ਮਜ਼ਬੂਤ ਨੀਂਹ ਕਰਾਰ ਦਿੱਤਾ। ਕੈਂਪਸ ਡਾਇਰੈਕਟਰ ਪ੍ਰੋਫੈਸਰ ਅਮਨਦੀਪ ਸਿੰਘ ਨੇ ਮਹਿਲਾ ਦਿਵਸ ਦੀ ਵਧਾਈ ਦਿੰਦੇ ਹੋਏ ਇਸ ਕਾਰਜਕ੍ਰਮ ਦੀ ਸ਼ਲਾਘਾ ਕੀਤੀ। ਡਾ. ਬਲਦੇਵ ਸਿੰਘ ਸ਼ੇਰਗਿੱਲ ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਿੱਖਿਆ ਸੰਸਥਾਵਾਂ ਦਾ ਫਰਜ਼ ਹੈ ਕਿ ਉਹ ਵਿਦਿਆਰਥੀਆਂ ਵਿੱਚ ਸਮਾਨਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਮੂਲ ਮੰਤਰ ਨੂੰ ਮਜ਼ਬੂਤ ਕਰਨ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਗੁਰਮੀਤ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਅਧਿਆਪਕ ਸਾਹਿਬਾਨ, ਸਮੁੱਚੀ ਐਨਐਸਐਸ ਟੀਮ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

# ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਮੁੱਖੀ ਧਰਮ ਪ੍ਰਚਾਰ ਵਿਚ ਫੇਲ ਹੋਣ ਦੀ ਜਿੰਮੇਵਾਰੀ ਲੈਂਦਿਆਂ ਤੁਰੰਤ ਆਪਣੇ ਅਹੁਦੇ ਤੋਂ ਦੇਣ ਅਸਤੀਫ਼ਾ: ਪਰਮਜੀਤ ਸਿੰਘ ਵੀਰਜੀ



ਨਵੀਂ ਦਿੱਲੀ 12 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਦਿਨੀਂ ਦਿੱਲੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਇਕਾਈ ਦੇ ਪ੍ਰਬੰਧ ਅਧੀਨ ਦਿੱਲੀ ਦੇ ਇਕ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖ਼ੇ ਸੇਵਾ ਨਿਭਾ ਰਹੇ ਕਥਾਵਾਚਕ ਦੀ ਅਸ਼ਲੀਲ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੁੰਦਿਆਂ ਹੀ ਧਰਮ ਪ੍ਰਚਾਰ ਵਿੰਗ ਉਪਰ ਸੁਆਲ ਚੁੱਕੇ ਜਾਣ ਲਗ ਪਏ ਹਨ ਤੇ ਦਿੱਲੀ ਦੀ ਸਿੱਖ ਸੰਗਤ ਵਿਚ ਵੱਡਾ ਰੋਹ ਦੇਖਣ ਨੂੰ ਮਿਲ਼ ਰਿਹਾ ਹੈ। ਮਾਮਲੇ ਤੇ ਗੱਲਬਾਤ ਕਰਦਿਆਂ ਗੁਰੂਬਾਣੀ ਰਿਸਰਚ ਫਾਊਂਡੇਸ਼ਨ ਦੇ ਮੁੱਖੀ ਸਰਦਾਰ ਪਰਮਜੀਤ ਸਿੰਘ ਵੀਰ ਜੀ ਨੇ ਕਿਹਾ ਕਿ ਪੰਥ ਦੀ ਵਡੀ ਬਦਕਿਸਮਤੀ ਹੈ ਕਿ ਜਿਨ੍ਹਾਂ ਨੂੰ ਧਰਮ ਪ੍ਰਚਾਰ ਦਾ ਉੜਾ ਐੜਾ ਨਹੀਂ ਪਤਾ ਓਹ ਧਰਮ ਪ੍ਰਚਾਰ ਮੁੱਖੀ ਦੀਆਂ ਸੇਵਾਵਾਂ ਨਿਭਾ ਰਹੇ ਹਨ। ਜਦਕਿ ਧਰਮ ਪ੍ਰਚਾਰ ਮੁੱਖੀ ਅੰਦਰ "ਤਾਂਘ ਹੈ, ਖਿੱਚ ਹੈ, ਸੇਵਾ ਭਾਵ ਹੈ, ਕੁਰਬਾਨੀ ਹੈ, 'ਆਪਾ' ਵਾਰਨਾ ਹੈ, 'ਭਲਾ ਮਨਾਇਦਾ' ਹੈ, 'ਸਦ ਬਖਸਿੰਦੁ' ਹੈ, 'ਸਦ ਮਿਹਰਵਾਨ' ਹੈ, 'ਅਉਗੁਣ ਕੋ ਨਾ ਚਿਤਾਰਦਾ' ਹੈ, ਗੁਰ ਪ੍ਰਸਾਦਿ ਹੈ ਅਤੇ ਸਚ ਹੈ" ਦੇ ਗੁਣ ਹੋਣੇ ਬਹੁਤ ਜਰੂਰੀ ਹਨ। ਕਿਉਕਿ ਇਹ ਗੁਣ ਹੀ ਓਸ ਨੂੰ ਧਰਮ ਪ੍ਰਚਾਰ ਦੀ ਪ੍ਰੇਰਨਾ ਦੇਂਦੇ ਹਨ ਜਿਸ ਨਾਲ ਆਮ ਇਨਸਾਨ ਨੂੰ ਸਿੱਖੀ ਨਾਲ ਜੋੜ ਕੇ ਗੁਰ ਪ੍ਰਸਾਦਿ ਅਤੇ ਸੱਚ ਦੇ ਨਾਲ ਇਕੱਮਿਕ ਹੋਣ ਦਾ ਰਾਹ ਪੱਧਰਾ ਹੁੰਦਾ ਹੈ। ਉਨ੍ਹਾਂ ਕਿਹਾ ਧਰਮ ਪ੍ਰਚਾਰ ਲਈ ਜਮੀਨੀ ਪੱਧਰ ਤੇ ਸੰਗਤਾਂ ਦੇ ਰੂਬਰੂ ਹੋਣਾ ਪੈਂਦਾ ਹੈ ਉਨ੍ਹਾਂ ਵਿਚ ਵਿਚਰ ਕੇ ਉਨ੍ਹਾਂ ਨੂੰ ਗੁਰੂਬਾਣੀ ਅਨੁਸਾਰ ਜੀਵਨ ਜੁਗਤ ਨੂੰ ਢਾਲਣ ਲਈ ਵੱਡੇ ਪੱਧਰ ਤੇ ਲਹਿਰ ਚਲਾਣੀ ਪੈਂਦੀ ਹੈ, ਤੇ ਧਰਮ ਪ੍ਰਚਾਰ ਮੁੱਖੀ ਨੂੰ ਦਿੱਲੀ ਅੰਦਰ ਕਦੇ ਵੀ ਸੰਗਤਾਂ ਦੇ ਵਿਚ ਵਿਚਰ ਕੇ ਪ੍ਰਚਾਰ ਕਰਦਿਆਂ ਨਹੀਂ ਦੇਖਿਆ ਗਿਆ ਹੈ ਜਿਸ ਨਾਲ ਸਾਬਿਤ ਹੁੰਦਾ ਹੈ ਕਿ ਉਨ੍ਹਾਂ ਕੋਲ ਧਰਮ ਪ੍ਰਚਾਰ ਦਾ ਮੁੱਢਲਾ ਗਿਆਨ ਵੀ ਨਹੀਂ ਹੈ। ਉਨ੍ਹਾਂ ਕਿਹਾ ਇਸ ਸਮੇਂ ਮੌਜੂਦਾ ਧਰਮ ਪ੍ਰਚਾਰ ਮੁੱਖੀ ਦੀ ਕਾਬਲੀਅਤ ਉਪਰ ਵੱਡੇ ਪੱਧਰ ਤੇ ਸੁਆਲ ਚੁੱਕੇ ਜਾ ਰਹੇ ਹਨ ਕਿਉਕਿ ਓਹ ਦਿੱਲੀ ਅੰਦਰ ਧਰਮ ਪ੍ਰਚਾਰ ਦੀ ਮੁਹਿੰਮ ਨੂੰ ਫੈਲਾਣ ਅਤੇ ਘਰ ਘਰ ਪਹੁੰਚਾਣ ਵਿਚ ਨਾਕਾਮਯਾਬ ਸਾਬਿਤ ਹੋ ਰਹੇ ਹਨ। ਇਸ ਲਈ ਉਨ੍ਹਾਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਉਨ੍ਹਾਂ ਦੇ ਪ੍ਰਬੰਧ ਅਧੀਨ ਹੋਏ ਸ਼ਰਮਨਾਕ ਕਾਰਿਆ ਅਤੇ ਧਰਮ ਪ੍ਰਚਾਰ ਵਿਚ ਫੇਲ ਹੋਣ ਦੀ ਜਿੰਮੇਵਾਰੀ ਲੈਂਦਿਆਂ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਜ਼ੇਕਰ ਓਹ ਇਸ ਵਿਚ ਆਨਾ ਕਾਨੀ ਕਰਦੇ ਹਨ ਤਾਂ ਕਮੇਟੀ ਦੇ ਮੁੱਖ ਪ੍ਰਬੰਧਕਾਂ ਦਾ ਫਰਜ਼ ਬਣਦਾ ਹੈ ਓਹ ਤੁਰੰਤ ਧਰਮ ਪ੍ਰਚਾਰ ਮੁੱਖੀ ਨੂੰ ਉਨ੍ਹਾਂ ਦੇ ਓਹਦੇ ਤੋਂ ਲਾਭੇ ਕਰਣ ਅਤੇ ਦੋਸ਼ੀ ਕਥਾਵਾਚਕ ਉਪਰ ਮਿਸਾਲੀ ਸਖ਼ਤ ਕਾਰਵਾਈ ਕੀਤੀ ਜਾਏ ਜਿਸ ਨਾਲ ਦੁਬਾਰਾ ਇਸ ਤਰ੍ਹਾਂ ਦੀ ਕੋਈ ਘਟਨਾ ਨਾ ਵਾਪਰ ਸਕੇ।

# ਮਾਰਚ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਇਤਿਹਾਸਕ ਹੋਵੇਗੀ-ਓਂਕਾਰ ਸਿੰਘ ਸਿੱਧੂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪਿੰਡ ਕਿਲੀ ਚਾਹਲ ਜਿਲ੍ਹਾ ਮੋਗਾ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਦੀ ਅਗਵਾਈ ਹੇਠ ਹੋਣ ਵਾਲੀ ਭਾਜਪਾ ਦੀ ਰੈਲੀ ਇਤਿਹਾਸਕ ਹੋਵੇਗੀ। ਜਿਸਨੂੰ ਲੈ ਕੇ ਭਾਜਪਾ ਵਰਕਰਾਂ ਅਤੇ ਅਹੁੱਦੇਦਾਰਾ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ, ਬੀਜੇਪੀ ਦੇ ਸੀਨੀਅਰ ਆਗੂ, ਪ੍ਰੋ, ਓਂਕਾਰ ਸਿੰਘ ਸਿੱਧੂ ਨੇ ਧੂਰੀ ਹਲਕੇ ਅੰਦਰ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ ਦਾ ਉਦੇਸ ਸਿਰਫ ਇਕ ਰਾਜਨੀਤਿਕ ਰੈਲੀ ਕਰਨਾ ਨਹੀ ਹੈ, ਸਗੋ ਪੰਜਾਬ ਦੀਆਂ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਇੱਕ ਸਪੱਸਟ ਰੋਡਮੇਪ ਪੇਸ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਮੰਨਣਾ ਹੈ ਕਿ ਮਜਬੂਤ ਲੀਡਰਸ਼ਿਪ ਅਤੇ ਸਪੱਸਟ ਨੀਤੀਆਂ ਰਾਂਹੀ ਹੀ ਸੂਬੇ ਨੂੰ ਨਸ਼ਾ ਮੁਕਤ, ਅਪਰਾਧ ਮੁਕਤ ਅਤੇ ਵਿਕਾਸ ਵੱਲ ਵਧਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂਸੂਬਿਆਂ ਵਿੱਚ ਭਾਜਪਾ ਦੀਆਂ ਸਰਕਾਰਾਂ ਸੱਤਾ ਵਿੱਚ ਹਨ ਉੱਥੇ ਵਿਕਾਸ ਕਾਰਜਾਂ ਵਿੱਚ ਤੇਜੀ ਆਈ ਹੈ, ਬੁਨਿਆਦੀ ਢਾਚੇ ਦਾ ਵਿਸਥਾਰ ਹੋਇਆ ਹੈ, ਨਿਵੇਸ ਵਧਿਆ ਹੈ ਅਤੇ ਕਾਨੂੰਨ ਵਿਵਸਥਾ ਵਿੱਚ ਸੁਧਾਰ ਹੋਇਆ ਹੈ। ਇਸਦੇ ਉਲਟ ਦੂਜੀਆਂ ਪਾਰਟੀਆਂ ਦੁਆਰਾ ਸ਼ਾਸ਼ਿਤ ਸੂਬਿਆਂ ਵਿੱਚ ਅਪਰਾਧ ਕਰਜਾ ਅਤੇ ਹਫੜਾ ਦਫੜੀ ਫੈਲੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਕਈ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਸੂਬੇ ਵਿੱਚ ਨਸ਼ਾਖੋਰੀ, ਗੈਂਗਸਟਰਵਾਦ ਅਤੇ ਬੇਰੁਜਗਾਰੀ ਫੈਲੀ ਹੋਈ ਹੈ ਜਦੋਂਕਿ ਕਿਸਾਨ ਆਰਥਿਕ ਸੰਕਟ ਅਤੇ ਕਰਜੇ ਦੇ ਬੁਝ ਥੱਲੇ ਦੱਬੇ ਹੋਏ ਹਨ।

## ਪੰਜਾਬ ਸਰਕਾਰ ਨੇ ਸਾਰੀਆਂ ਗਾਰੰਟੀਆਂ ਕੀਤੀਆਂ ਪੂਰੀਆਂ: ਹਰਜਿੰਦਰ ਸਿੰਘ ਕਾਂਝਲਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਇਤਿਹਾਸਕ ਕਦਮ ਚੁੱਕ ਕੇ ਔਰਤਾਂ ਲਈ ਨਕਦ ਰਾਸ਼ੀ ਦਾ ਐਲਾਨ ਕਰਕੇ ਆਖਰੀ ਗਾਰੰਟੀ ਵੀ ਪੂਰੀ ਕਰ ਦਿੱਤੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ, ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ ਨੇ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਯੋਗ ਰਹਿਨੁਮਾਈ ਹੇਠ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਜੋ-ਜੋ ਗਰੰਟੀਆਂ ਦਿੱਤੀਆਂ ਸਨ, ਉਨ੍ਹਾਂ ਨੂੰ ਵਾਰੀ-ਵਾਰੀ ਪੂਰਾ ਕਰਦਿਆਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਲਾਗੂ ਕਰਦਿਆਂ ਜਨਰਲ ਵਰਗ ਦੀਆਂ ਬੀਬੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਤੇ ਐਸ ਸੀ ਵਰਗ ਦੀਆਂ ਬੀਬੀਆਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਕਰਦਿਆਂ ਆਖਰੀ ਗਰੰਟੀ ਵੀ ਪੂਰੀ ਕਰ ਦਿੱਤੀ। ਉਨਾਂ ਕਿਹਾ ਕਿ ਕਿ ਭਾਵੇਂ ਪੰਜਾਬ ਸਰਕਾਰ ਨੇ ਆਪਣੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਦਿੱਤੀਆਂ ਹਨ ਪਰ ਇਨ੍ਹਾਂ ਗਰੰਟੀਆਂ ਤੋਂ ਇਲਾਵਾ ਵੀ ਸੜਕ ਸੁਰੱਖਿਆ ਫੋਰਸ, ਪੰਜਾਬ ਦੇ 19 ਟੋਲ ਪਲਾਜ਼ੇ ਬੰਦ ਕਰਨੇ, ਟੇਲਾਂ ਤੱਕ ਪਾਣੀ ਪੁਚਾਉਣਾ, ਹਰ ਪਰਵਾਰ ਨੂੰ 10 ਲੱਖ ਰੁਪਏ ਦੇ ਇਲਾਜ ਦੀ ਗਰੰਟੀ ਦੇਣ ਵਰਗੇ ਵੱਡੇ ਕੰਮ ਵੀ ਪੰਜਾਬ ਦੇ ਲੋਕਾਂ ਦੀ ਝੋਲੀ ਪਾਏ ਹਨ ਪੰਜਾਬ ਦੀ ਰਾਜਨੀਤੀ ਦੇ ਇਤਿਹਾਸ ਵਿੱਚ ਇਹ ਸਾਰੇ ਕੰਮ ਸਿਰਫ ਮਾਨ ਸਰਕਾਰ ਵੇਲੇ ਹੀ ਸੰਭਵ ਹੋਏ ਹਨ, ਕਿਉਂਕਿ ਮੁੱਖ ਮੰਤਰੀ ਮਾਨ ਆਮ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਨੇੜੇ ਤੋਂ ਜਾਣਦੇ ਹਨ।

## ਗੁਰਦੁਆਰਾ ਭਗਤਾਂ ਦਾ ਡੇਰਾ ਤਰਸਿੱਕਾ ਵਿਖੇ ਸਲਾਨਾ ਜੋੜਮੇਲਾ 26, 27 ਨੂੰ



ਚੌਂਕ ਮਹਿਤਾ, 12ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)-ਸੱਚਖੰਡਵਾਸੀ ਭਗਤ ਬਾਬਾ ਗੁਰਬਚਨ ਸਿੰਘ ਜੀ ਅਤੇ ਸੱਚਖੰਡਵਾਸੀ ਭਗਤ ਬਾਬਾ ਪ੍ਰੀਤਮ ਸਿੰਘ ਜੀ ਦੇ ਚਰਨ ਸੇਵਕ ਅਤੇ ਗੁਰਦੁਆਰਾ ਭਗਤਾਂ ਦਾ ਡੇਰਾ (ਤਰਸਿੱਕਾ) ਦੇ ਮੌਜੂਦਾ ਮੁਖੀ ਸੰਤ ਬਾਬਾ ਗੁਰਦੇਵ ਸਿੰਘ ਜੀ ਦੀ ਅਗਵਾਈ ਵਿੱਚ 26 ਤੇ 27 ਮਾਰਚ ਨੂੰ 2 ਰੋਜਾ ਸਲਾਨਾ ਜੋੜ ਮੇਲਾ ਮਨਾਇਆ ਜਾਵੇਗਾ। ਜਿਸ ਦੌਰਾਨ ਰੋਜ਼ਾਨਾ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਧਾਰਮਿਕ ਦੀਵਾਨ ਸੱਜਿਆ ਕਰਨਗੇ, ਜਿਨਾਂ ਵਿੱਚ ਢਾਡੀ ਗਿਆਨੀ ਗੁਰਪ੍ਰਤਾਪ ਸਿੰਘ ਜੀ ਪਦਮ, ਢਾਡੀ ਬਲਬੀਰ ਸਿੰਘ ਜੀ ਪਾਰਸ, ਕਥਾਵਾਚਕ ਗਿਆਨੀ ਹਰਪ੍ਰੀਤ ਸਿੰਘ ਜੀ, ਕਵੀਸਰ ਗਿਆਨੀ ਮੱਖਣ ਸਿੰਘ ਜੀ ਦਸਮੇਸ਼ ਨਗਰ ਅਤੇ ਰਾਗੀ ਬਾਬਾ ਮਨਜੀਤ ਸਿੰਘ ਜੀ ਗੁਰੂ ਨਾਨਕ ਦਲ ਬਟਾਲਾ ਸਮੇਤ ਪੰਥ ਪ੍ਰਸਿੱਧ ਜਥੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾ ਕੇ ਨਿਹਾਲ ਕਰਨਗੇ। ਜੋੜਮੇਲੇ ਦੇ ਦੋਵੇ ਦਿਨ ਸ਼ਾਮ 5 ਵਜੇ ਕਬੱਡੀ ਦੀਆਂ ਨਾਮਵਰ ਟੀਮਾਂ ਵਿਚਾਲੇ ਮੈਚ ਖੇਡੇ ਜਾਣਗੇ। 26 ਮਾਰਚ ਨੂੰ ਜਿਲ੍ਹਾ ਪੱਧਰ ਦੀਆਂ ਕਬੱਡੀ ਟੀਮਾਂ 'ਤੇ 27 ਨੂੰ ਪੰਜਾਬ ਪੱਧਰ ਦੀਆਂ ਕਬੱਡੀ ਟੀਮਾਂ ਆਪਸ 'ਚ ਭਿੜਨਗੀਆਂ। ਇਸ ਦੇ ਨਾਲ ਬਾਬਾ ਜੁਝਾਰ ਸਿੰਘ ਦਸਤਾਰ ਲਹਿਰ (ਦੁਬਈ) ਵੱਲੋਂ ਦੋਵੇਂ ਦਿਨ ਦਸਤਾਰ ਸਿਖਲਾਈ ਕੈਂਪ ਵੀ ਲਗਾਇਆ ਜਾਵੇਗਾ। ਸੰਤ ਬਾਬਾ ਗੁਰਦੇਵ ਸਿੰਘ ਜੀ ਨੇ ਦੱਸਿਆ ਕਿ 28 ਮਾਰਚ ਨੂੰ ਸ਼ਨੀਵਾਰ ਸਵੇਰੇ 10 ਵਜੇ ਅੰਮ੍ਰਿਤ ਸੰਚਾਰ ਹੋਵੇਗਾ, ਉਨਾਂ ਨੇ ਸੰਗਤਾਂ ਨੂੰ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਦੀ ਅਪੀਲ ਕੀਤੀ ਅਤੇ ਇਸ ਜੋੜਮੇਲੇ ਵਿਚ ਹੁੰਮ ਹੁੰਮਾ ਕੇ ਪਹੁੰਚਣ, ਸੇਵਾ ਕਰਨ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਆਖਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਅਕਾਲੀ ਸਰਕਾਰ ਬਣਨ ਤੇ ਖੱਬੇ ਰਾਜਪੂਤਾਂ ਚ ਬਣੇਗੀ ਖੇਡ ਅਕੈਡਮੀ : ਮਜੀਠੀਆ

# ਜੈਤੋ ਸਰਜਾ ਨੂੰ ਹਰਾ ਕੇ ਖੱਬੇ ਰਾਜਪੂਤਾਂ ਨੇ ਜਿੱਤ ਦਾ ਝੰਡਾ ਲਹਿਰਾਇਆ



**ਚੌਕ ਮਹਿਤਾ, 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯਾਦਗਾਰੀ ਮੈਮੋਰੀਅਲ 50ਵੇਂ (ਛੇ ਰੋਜਾ) ਪੰਚਾਇਤੀ ਫੁੱਟਬਾਲ ਟੂਰਨਾਮੈਂਟ ਦੇ ਮਹਾਂ ਮੁਕਾਬਲੇ ਅੱਜ ਪਿੰਡ ਖੱਬੇ ਰਾਜਪੂਤਾਂ ਦੀ ਖੇਡ ਗਰਾਊਂਡ 'ਚ ਹੋਏ। ਜਿਸ ਦੌਰਾਨ ਫੁੱਟਬਾਲ ਸੀਨੀਅਰ ਵਿਚ ਖੱਬੇ ਰਾਜਪੂਤਾਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ 51 ਹਜਾਰ ਦੇ ਨਕਦ ਇਨਾਮ ਅਤੇ ਜੇਤੂ ਕੱਪ ਤੇ ਕਬਜਾ ਕੀਤਾ, ਦੂਸਰੇ ਸਥਾਨ ਤੇ ਕਾਬਜ ਜੈਤੋ ਸਰਜਾ ਦੀ ਟੀਮ ਨੇ 41 ਹਜਾਰ ਦਾ ਨਕਦ ਇਨਾਮ ਹਾਸਲ ਕੀਤਾ। (ਅੰਡਰ 17) ਵਿਚ ਪਹਿਲੀ ਜੇਤੂ ਲੱਧਾ ਮੁੰਡਾ ਦੀ ਟੀਮ ਨੇ 20 ਹਜਾਰ ਅਤੇ ਦੂਜੀ ਜੇਤੂ ਚੁੰਘ ਦੀ ਟੀਮ ਨੇ 17 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਪ੍ਰਾਪਤ ਕੀਤੀ। ਇਸੇ ਤਰਾਂ (ਅੰਡਰ 14) ਵਿਚ ਪਹਿਲੀ ਜੇਤੂ ਖੱਬੇ ਰਾਜਪੂਤਾਂ ਦੀ ਟੀਮ ਨੇ 15 ਹਜਾਰ ਰੁਪਏ ਅਤੇ ਦੂਜੀ ਜੇਤੂ ਟਕਾਪੁਰ ਦੀ ਟੀਮ ਨੇ 11 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਆਪਣੇ ਨਾਂ ਕੀਤੀ। ਲੜਕੀਆਂ ਦੇ ਸ਼ੋਅ ਮੈਚ ਦੌਰਾਨ ਡੇਅਰੀਵਾਲ ਦੀ ਟੀਮ ਪਹਿਲੇ 'ਤੇ ਬੱਲਪੁਰੀਆਂ ਦੀ ਟੀਮ ਦੂਜੇ ਸਥਾਨ ਤੇ ਰਹੀ। ਟੂਰਨਾਮੈਂਟ 'ਚ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਮੁੱਖ ਮਹਿਮਾਨ ਵੱਜੋ ਪਹੁੰਚਣ 'ਤੇ ਹਲਕਾ ਇੰਚਾਰਜ ਸੰਦੀਪ ਸਿੰਘ ਏ.ਆਰ., ਸਾਬਕਾ ਚੇਅਰਮੈਨ ਜੱਥੇ.ਗੁਰਮੀਤ ਸਿੰਘ ਖੱਬੇ ਰਾਜਪੂਤਾਂ, ਜੱਥੇ.ਰਾਜਬੀਰ ਸਿੰਘ ਉਦੋਨੰਗਲ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਐਨ.ਆਰ.ਆਈ. ਮਹਿੰਦਰਪਾਲ ਸਿੰਘ ਬੱਲ, ਪ੍ਰਧਾਨ ਸੁਖਰਾਜ ਸਿੰਘ ਮੁੱਛਲ, ਪ੍ਰਧਾਨ ਹਰਜਿੰਦਰ ਸਿੰਘ ਨੰਗਲੀ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਪ੍ਰਧਾਨ ਜਸਪਾਲ ਸਿੰਘ ਪਡਾ 'ਤੇ ਅਕਾਲੀ ਵਰਕਰਾਂ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ। ਸ. ਮਜੀਠੀਆ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਨ ਮੌਕੇ ਆਖਿਆ ਕਿ ਪਿਛਲੇ 50 ਸਾਲਾਂ ਤੋਂ ਲਗਾਤਾਰ ਇਹ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਲਈ ਜੱਥੇ ਗੁਰਮੀਤ ਸਿੰਘ ਤੇ ਐਨ.ਆਰ.ਆਈ. ਵੀਰ ਵਧਾਈ ਦੇ ਪਾਤਰ ਹਨ, ਜ਼ੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਇਹ ਸ਼ਲਾਘਾਯੋਗ ਉਪਰਾਲਾ ਕਰਦੇ ਹਨ। ਸ. ਮਜੀਠੀਆ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪਿੰਡ ਖੱਬੇ ਰਾਜਪੂਤਾਂ ਨੂੰ ਖੇਡ ਅਕੈਡਮੀ ਬਣੇਗੀ। ਜਿਸ ਵਿਚ ਖਿਡਾਰੀਆਂ ਲਈ ਮੁਫ਼ਤ ਪੜਾਈ, ਮੁਫ਼ਤ ਕੋਚਿੰਗ ਸਮੇਤ ਹਰ ਸਹੂਲਤ ਮੌਜੂਦ ਹੋਵੇਗੀ। ਅਖੀਰ 'ਚ ਪ੍ਰਬੰਧਕਾਂ ਦੇ ਵੱਲੋਂ ਸਨਮਾਨ ਚਿੰਨ ਭੇਟ ਕਰਕੇ ਮਜੀਠੀਆ ਨੂੰ ਸਨਮਨਤ ਕੀਤਾ ਗਿਆ। ਇਸ ਮੌਕੇ ਮਜੀਠੀਆ ਦੇ ਸਿਆਸੀ ਸਲਾਹਕਾਰ ਸੁਖਵਿੰਦਰ ਸਿੰਘ ਗੋਲਡੀ, ਜਿਲਾ ਪ੍ਰਧਾਨ ਨਵਜਿੰਦਰ ਪਾਲ ਸਿੰਘ ਗਾਂਧੀ ਨਿੱਬਰਵਿੰਡ, ਤੇਗਬੀਰ ਸਿੰਘ ਸਿਆਲਕਾ, ਜਤਿੰਦਰ ਸਿੰਘ ਲੱਧਾਮੁੰਡਾ, ਤਜਿੰਦਰਪਾਲ ਸਿੰਘ ਲਾਡੀ, ਬਲਦੇਵ ਸਿੰਘ ਅਠਵਾਲ, ਜੱਥੇ ਸਿਰਤਾਜ ਸਿੰਘ ਚੁੰਘ, ਪ੍ਰਧਾਨ ਜੁਗਰਾਜ ਸਿੰਘ, ਕੈ. ਗੁਰਵਿੰਦਰ ਸਿੰਘ ਬੱਲ, ਕੋਚ ਮਲਕੀਤ ਸਿੰਘ, ਗੁਰਿੰਦਰਪਾਲ ਸਿੰਘ ਯੂਥ ਆਗੂ, ਜਗਤਾਰ ਸਿੰਘ ਗੱਗੜਭਾਣਾ, ਗੁਰਲਾਲ ਸਿੰਘ ਲਾਲੀ, ਰਜਿੰਦਰ ਸਿੰਘ ਉਦੋਨੰਗਲ, ਡਾ ਭੁਪਿੰਦਰ ਸਿੰਘ ਰੰਧਾਵਾ, ਪ੍ਰਧਾਨ ਬਲਜੀਤ ਸਿੰਘ, ਪ੍ਰਧਾਨ ਤਰਲੋਚਨ ਸਿੰਘ, ਸੈਕਟਰੀ ਸਿਕੰਦਰ ਸਿੰਘ ਬੁੱਟਰ, ਕੁਲਬੀਰ ਸਿੰਘ ਧਰਦਿਉ, ਪ੍ਰਧਾਨ ਗੁਰਭੇਜ ਸਿੰਘ ਜੱਬੋਵਾਲ, ਮਾ ਬਲਜਿੰਦਰ ਸਿੰਘ ਬੁੱਟਰ, ਤੇਜਿੰਦਰ ਸਿੰਘ ਬੇਰੀਆਣਾ, ਪਰਮਦੀਪ ਸਿੰਘ ਟਕਾਪੁਰ, ਜੁਗਰਾਜ ਸਿੰਘ ਘੁਹਾਟਵਿੰਡ, ਸਰਪੰਚ ਸੁਖਦੇਵ ਸਿੰਘ ਧਰਦਿਉ, ਹਰਜੀਤ ਸਿੰਘ ਧਰਦਿਉ, ਮੁਲਾਜ਼ਮ ਆਗੂ ਅਜੀਤਪਾਲ ਸਿੰਘ, ਸੁੱਖਜਿੰਦਰ ਇਟਲੀ, ਗੁਰਬਿੰਦਰ ਸਿੰਘ ਬੱਲ, ਮਾਸਟਰ ਜਿੰਮੀ, ਗੁਰਅੰਮ੍ਰਿਤਪਾਲ ਸਿੰਘ, ਦਿਲਬਾਗ ਸਿੰਘ ਕਲੇਰ, ਰਣਜੀਤ ਸਿੰਘ ਕਨੇਡਾ, ਮੇਜਰ ਸਿੰਘ ਕਨੇਡਾ, ਜਸਬੀਰ ਸਿੰਘ ਯੂ ਐੱਸ ਏ, ਗੁਰਪ੍ਰੀਤ ਗੋਪੀ ਇਟਲੀ, ਰਾਣਾ ਇਟਲੀ, ਪ੍ਰਿੰਸ ਇਟਲੀ ਤੇ ਕੁਲਵੰਤ ਸਿੰਘ ਟਕਾ ਪੁਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਦਰਸ਼ਕ ਮੌਜੂਦ ਸਨ।

### ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖਿਡਾਰੀ ਫੈਜ਼ਾਨ ਅਹਿਮਦ ਲੋਨ ਨੇ ਜਿੱਤੀ

# ਅਲਪਾਇਨ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਵਿੰਟਰ ਚੈਂਪੀਅਨਸ਼ਿਪ- 2026

**ਤਲਵੰਡੀ ਸਾਬੋ, 12 ਮਾਰਚ (ਗੁਰਜੰਟ ਸਿੰਘ ਨਥੇਹਾ)**-ਸੈਂਟਰਲ ਯੂਨੀਵਰਸਿਟੀ ਆਫ਼ ਕਸ਼ਮੀਰ ਵੱਲੋਂ ਗੁਲਮਰਗ ਵਿਖੇ ਆਜੋਜਿਤ ਕੀਤੀਆਂ ਗਈਆਂ "ਅਲਪਾਇਨ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਵਿੰਟਰ ਖੇਡਾਂ 2026" ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਬੀ.ਪੀ.ਈ.ਐੱਸ ਛੇਵੇਂ ਸਮੈਸਟਰ ਦੇ ਵਿਦਿਆਰਥੀ ਫੈਜ਼ਾਨ ਅਹਿਮਦ ਲੋਨ ਨੇ ਤਿੰਨ ਸੋਨ ਤਗਮੇ ਜਿੱਤ ਕੇ ਇਹਨਾਂ ਖੇਡਾਂ ਦੀ ਓਵਰ ਆੱਲ ਚੈਂਪੀਅਨਸ਼ਿਪ ਤੇ ਕਬਜ਼ਾ ਕੀਤਾ। ਖਿਡਾਰੀ ਦੇ ਜੀ.ਕੇ.ਯੂ ਵਿਖੇ ਪਹੁੰਚਣ ਤੇ ਵਰਸਿਟੀ ਵੱਲੋਂ ਜੇਤੂ ਖਿਡਾਰੀ ਦਾ ਢੋਲ ਨਗਾੜਿਆਂ ਦੇ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਵਰਸਿਟੀ ਵੱਲੋਂ ਛੋਟੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਖਿਡਾਰੀ ਨੂੰ ਹਾਰਾਂ ਅਤੇ ਤੋਹਫ਼ਿਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਸਪੋਰਟਸ, ਵਰਸਿਟੀ ਅਧਿਕਾਰੀ, ਉਸਦੇ ਕੋਚ ਅਤੇ ਵਿਦਿਆਰਥੀ ਹਾਜ਼ਰ ਹੋਏ। ਖਿਡਾਰੀ ਦੀ ਇਸ ਪ੍ਰਾਪਤੀ ਤੇ ਵਰਸਿਟੀ ਦੇ ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ ਸਿੱਧੂ ਨੇ ਡਾਇਰੈਕਟਰ ਸਪੋਰਟਸ, ਕੋਚ ਅਤੇ ਖਿਡਾਰੀ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਖਿਡਾਰੀ ਦੀ ਇਸ ਪ੍ਰਾਪਤੀ ਨੇ 'ਵਰਸਿਟੀ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਭੇਂਟ ਕਰਦੇ ਹੋਏ ਕਿਹਾ ਕਿ ਖਿਡਾਰੀਆਂ ਨੂੰ ਆਪਣੇ ਟੀਚੇ ਹੋਰ ਉੱਚੇ ਕਰਨੇ ਚਾਹੀਦੇ ਹਨ ਤਾਂ ਜੋ ਅੰਤਰ-ਰਾਸ਼ਟਰੀ ਪੱਧਰ 'ਤੇ ਉਹ ਤਗਮੇ ਹਾਸਿਲ ਕਰ ਸਕਣ। ਚੈਂਪੀਅਨਸ਼ਿਪ ਬਾਰੇ ਜਾਣਕਾਰੀ ਦਿੰਦਿਆਂ ਡਾ.ਬਲਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਭਾਰਤ ਦੀਆਂ 27 ਯੂਨੀਵਰਸਿਟੀਆਂ ਦੇ 200 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ ਸੀ। ਜਿਸ ਵਿੱਚ ਫੈਜ਼ਾਨ ਨੇ ਮੌਨਟੇਰਿੰਗ, ਸਨੋ ਬੋਰਡਿੰਗ ਅਤੇ ਸਕੀਇੰਗ ਇਵੈਂਟ ਵਿੱਚ ਤਿੰਨ ਸੋਨ ਤਗਮੇ ਜਿੱਤ ਕੇ ਚੈਂਪੀਅਨ ਹੋਣ ਦਾ ਮਾਣ ਹਾਸਿਲ ਕੀਤਾ। ਉਹਨਾਂ ਕਿਹਾ ਕਿ ਬਰਫ਼ ਦੀਆਂ ਖੇਡਾਂ ਦੇ ਇਹ ਮੁਕਾਬਲੇ ਪੰਜਾਬ ਦੇ ਖਿਡਾਰੀਆਂ ਲਈ ਨਵੇਕਲੇ ਅਤੇ ਮੁਸ਼ਿਕਲ ਮੁਕਾਬਲੇ ਸਨ, ਪਰ ਇਹ ਖਿਡਾਰੀ ਦੀ ਮਿਹਨਤ ਅਤੇ ਅਭਿਆਸ ਕਾਰਨ ਵਿਦਿਆਰਥੀ ਨੇ ਇਹ ਪ੍ਰਾਪਤੀ ਹਾਸਲ ਕੀਤੀ। ਉਹਨਾਂ ਖੇਡਾਂ ਦੇ ਵਿਕਾਸ ਕਈ ਵਰਸਿਟੀ ਪ੍ਰਬੰਧਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸਹਿਯੋਗ ਕਈ ਧੰਨਵਾਦ ਕਿਹਾ।





# ਸੰਸਕ੍ਰਿਤ ਸਾਹਿਤ ਦੇ ਵਿਕਾਸ ਵਿੱਚ ਸ਼ੰਭੂ ਨਾਥ ਸ਼ਾਸਤਰੀ ਦਾ ਯੋਗਦਾਨ ਸ਼ਲਾਘਾਯੋਗ: ਡਾ. ਸਾਗਰ ਮੁਨੀ ਸ਼ਾਸਤਰੀ



**ਚੌਕ ਮਹਿਤਾ, 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੰਸਕ੍ਰਿਤ ਨੂੰ ਬ੍ਰਹਮ ਭਾਸ਼ਾ ਕਿਹਾ ਜਾਂਦਾ ਹੈ ਕਿਉਂਕਿ ਇਹ ਸਾਰੀਆਂ ਭਾਸ਼ਾਵਾਂ ਦੀ ਮਾਂ ਹੈ। ਜਿਵੇਂ-ਜਿਵੇਂ ਅੱਜ ਦੇ ਲੋਕ ਭੌਤਿਕਵਾਦ ਵੱਲ ਵੱਧ ਤੋਂ ਵੱਧ ਆਕਰਸ਼ਿਤ ਹੋ ਰਹੇ ਹਨ, ਵਿਦਿਆਰਥੀਆਂ ਦੀ ਸੰਸਕ੍ਰਿਤ ਵਿੱਚ ਦਿਲਚਸਪੀ ਘੱਟ ਰਹੀ ਹੈ। ਦੂਜੇ ਪਾਸੇ, ਅੱਜ ਵੀ ਸੰਤ ਅਤੇ ਸੰਸਕ੍ਰਿਤ ਪ੍ਰੇਮੀ ਬ੍ਰਹਮ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਲੱਗੇ ਹੋਏ ਹਨ। ਚੌਕ ਪਾਸੀਆਂ ਵਿਖੇ ਸਥਿਤ ਸ਼੍ਰੀ ਜੈ ਕ੍ਰਿਸ਼ਨੀਆ ਦੇ ਪ੍ਰਾਚੀਨ ਮੰਦਰ ਵੱਲੋਂ ਇੱਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਮੰਦਰ ਦੇ ਮੁੱਖੀ ਡਾ. ਸਾਗਰ ਮੁਨੀ ਸ਼ਾਸਤਰੀ ਨੇ ਸਾਹਿਤਕ ਵਿਦਵਾਨ ਪ੍ਰੋ. ਸ਼ੰਭੂ ਨਾਥ ਸ਼ਾਸਤਰੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਾਸਤਰੀ ਨੇ ਕਿਹਾ ਕਿ ਸ਼ੰਭੂ ਨਾਥ ਸ਼ਾਸਤਰੀ ਨੇ ਆਪਣਾ ਪੂਰਾ ਜੀਵਨ ਸੰਸਕ੍ਰਿਤ ਸਾਹਿਤ ਦੇ ਵਿਕਾਸ ਅਤੇ ਭਾਸ਼ਾ ਦੇ ਪ੍ਰਚਾਰ ਲਈ ਸਮਰਪਿਤ ਕੀਤਾ ਹੈ। ਇੱਕ ਸੰਤ ਹੋਣ ਦੇ ਨਾਲ-ਨਾਲ, ਇੱਕ ਅਧਿਆਪਕ ਵਜੋਂ ਉਨ੍ਹਾਂ ਦੀ ਸ਼ਖਸੀਅਤ ਵੀ ਸ਼ਾਨਦਾਰ ਹੈ। ਉਹ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਅਤੇ ਖੁਸ਼ਹਾਲ ਨੌਜਵਾਨਾਂ ਨੂੰ ਅਧਿਆਤਮਿਕਤਾ ਵੱਲ ਸੇਧਿਤ ਕਰਨ ਲਈ ਅਣਥੱਕ ਮਿਹਨਤ ਕਰਦੇ ਰਹਿੰਦੇ ਹਨ। ਸਮਾਗਮ ਵਿੱਚ, ਸ਼ਾਸਤਰੀ ਨੇ ਸਾਰੇ ਨੌਜਵਾਨਾਂ ਨੂੰ ਭਗਵਦ ਗੀਤਾ, ਰਾਮਾਇਣ, ਮਹਾਭਾਰਤ ਅਤੇ ਨੈਤਿਕ ਗ੍ਰੰਥਾਂ ਦਾ ਰੋਜ਼ਾਨਾ ਅਧਿਐਨ ਕਰਨ ਦੀ ਅਪੀਲ ਕੀਤੀ। ਇਸ ਨਾਲ ਆਪਣੇ ਆਪ ਹੀ ਇੱਕ ਖੁਸ਼ਹਾਲ ਅਤੇ ਮਜ਼ਬੂਤ ਰਾਸ਼ਟਰ ਦੀ ਸਿਰਜਣਾ ਹੋਵੇਗੀ ਅਤੇ ਸਮਾਜਿਕ ਬੁਰਾਈਆਂ ਦਾ ਖਾਤਮਾ ਹੋਵੇਗਾ। ਸਮਾਰੋਹ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ। ਇਸ ਸਮਾਗਮ ਵਿੱਚ ਪ੍ਰਧਾਨ ਅੰਜਨਾ ਲੂਥਰਾ, ਅਰੁਣ ਚੌਹਾਨ, ਸੁਸ਼ਮਾ ਰਾਣੀ, ਰਜਤ ਮਹਾਜਨ, ਰਿਸ਼ਭ ਗੇਰਾ ਅਤੇ ਨੀਲਮ ਮਹਾਜਨ ਮੌਜੂਦ ਸਨ।

# ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਮਨਾਇਆ ਗਲੋਕੋਮਾ ਹ.ਫਤਾ



ਤਲਵੰਡੀ ਸਾਬੋ, 12 ਮਾਰਚ (ਗੁਰਜੰਟ ਸਿੰਘ ਨਥੇਹਾ)- ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਡਾ. ਰਵੀਕਾਂਤ ਗੁਪਤਾ ਦੀ ਰਹਿਨੁਮਾਈ ਹੇਠ ਸਬ ਡਿਵੀਜ਼ਨਲ ਹਸਪਤਾਲ ਤਲਵੰਡੀ ਸਾਬੋ ਵਿਖੇ ਗਲੋਕੋਮਾ ਹਫ਼ਤਾ ਮਨਾਇਆ ਗਿਆ। ਇਸ ਮੌਕੇ ਅੱਖਾਂ ਦੇ ਮਾਹਿਰ ਡਾ. ਹਰਲੀਨ ਕੌਰ ਵੱਲੋਂ ਗਲੋਕੋਮਾ ਬਾਰੇ ਵਿਸਥਾਰ ਨਾਲ ਲੈਕਚਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਗਲੋਕੋਮਾ ਜਿਸ ਨੂੰ ਆਮ ਤੌਰ 'ਤੇ "ਕਾਲਾ ਮੋਤੀਆ" ਕਿਹਾ ਜਾਂਦਾ ਹੈ ਅੱਖਾਂ ਦੀ ਇੱਕ ਗੰਭੀਰ ਬਿਮਾਰੀ ਹੈ ਜਿਸ ਵਿੱਚ ਅੱਖ ਦੇ ਅੰਦਰ ਦਬਾਅ ਵੱਧ ਜਾਣ ਕਰਕੇ ਅੱਖ ਦੀ ਨਸ ਨੂੰ ਨੁਕਸਾਨ ਪਹੁੰਚਦਾ ਹੈ। ਇਹ ਨਸ ਅੱਖ ਤੋਂ ਦਿਮਾਗ ਤੱਕ ਦੇਖਣ ਵਾਲੇ ਸੰਕੇਤ ਲੈ ਕੇ ਜਾਂਦੀ ਹੈ। ਜੇ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ ਤਾਂ ਹੌਲੀ-ਹੌਲੀ ਨਜ਼ਰ ਘਟ ਸਕਦੀ ਹੈ ਅਤੇ ਕਈ ਵਾਰ ਅੰਨ੍ਹਾਪਣ ਵੀ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨਜ਼ਰ ਹੌਲੀ-ਹੌਲੀ ਘਟਣਾ, ਪਾਸੇ ਦੀ ਨਜ਼ਰ ਘਟ ਜਾਣਾ,ਅੱਖਾਂ ਵਿੱਚ ਦਰਦ ਜਾਂ ਭਾਰਾਪਣ ,ਲਾਈਟ ਦੇ ਆਲੇ-ਦੁਆਲੇ ਹਾਲੇ ਦਿਖਾਈ ਦੇਣ, ਸਿਰ ਦਰਦ ਜਾਂ ਅੱਖਾਂ ਵਿੱਚ ਜਲਣ ਗਲੋਕੋਮਾ ਦੇ ਆਮ ਲੱਛਣ ਹਨ। ਕਈ ਵਾਰ ਸ਼ੁਰੂਆਤੀ ਦੌਰ ਵਿੱਚ ਕੋਈ ਲੱਛਣ ਨਹੀਂ ਹੁੰਦੇ, ਇਸ ਲਈ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਬਹੁਤ ਜ਼ਰੂਰੀ ਹੈ। 40 ਸਾਲ ਤੋਂ ਉੱਪਰ ਦੇ ਵਿਅਕਤੀ, ਜਿਨ੍ਹਾਂ ਦੇ ਪਰਿਵਾਰ ਵਿੱਚ ਕਿਸੇ ਨੂੰ ਗਲੋਕੋਮਾ ਹੋਵੇ, ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਾਲੇ ਮਰੀਜ਼, ਲੰਮੇ ਸਮੇਂ ਤੱਕ ਸਟੇਰਾਇਡ ਦਵਾਈਆਂ ਵਰਤਣ ਵਾਲੇ ਲੋਕ, ਅੱਖਾਂ ਦੀ ਚੋਟ ਜਾਂ ਸਰਜਰੀ ਹੋ ਚੁੱਕੀ ਹੋਵੇ, ਜ਼ਿਆਦਾ ਨਜ਼ਦੀਕ ਜਾਂ ਦੂਰ ਦੀ ਨਜ਼ਰ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਸਮੇਂ-ਸਮੇਂ 'ਤੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਉਣ ਤਾਂ ਜੋ ਇਸ ਬਿਮਾਰੀ ਦੀ ਸ਼ੁਰੂਆਤੀ ਪੜਾਅ ਵਿੱਚ ਹੀ ਪਛਾਣ ਹੋ ਸਕੇ। ਬਲਾਕ ਐਜੂਕੇਟਰ ਗੁਰਸਿਮਰਤ ਕੌਰ ਵੱਲੋਂ ਵੀ ਲੋਕਾਂ ਨੂੰ ਅੱਖਾਂ ਦੀ ਸੰਭਾਲ ਅਤੇ ਗਲੋਕੋਮਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਮੁਫ਼ਤ ਜਾਂਚ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਹਸਪਤਾਲ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਅੱਖਾਂ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਨਜ਼ਦੀਕੀ ਸਰਕਾਰੀ ਹਸਪਤਾਲ ਵਿੱਚ ਜਾ ਕੇ ਮਾਹਿਰ ਡਾਕਟਰ ਤੋਂ ਸਲਾਹ ਲੈਣ।

### ਜੱਗੀ ਜੋਹਲ, ਬੱਗਾ, ਸ਼ੇਰਾ ਅਤੇ ਹੋਰਾਂ ਨੂੰ

# ਸਖ਼ਤ ਸੁਰੱਖਿਆ ਹੇਠ ਅਦਾਲਤ ਅੰਦਰ ਕੀਤਾ ਗਿਆ ਪੇਸ਼



**ਨਵੀਂ ਦਿੱਲੀ, 12 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਦੀ ਤਿਹਾੜ ਅਤੇ ਮੰਡੋਲੀ ਜੇਲ੍ਹ ਅੰਦਰ ਬੰਦ ਭਾਈ ਜਗਤਾਰ ਸਿੰਘ ਜੱਗੀ ਜੋਹਲ, ਰਮਨਦੀਪ ਸਿੰਘ ਬੱਗਾ, ਹਰਦੀਪ ਸਿੰਘ ਸ਼ੇਰਾ, ਅਮਨਿੰਦਰ ਸਿੰਘ, ਮਨਪ੍ਰੀਤ ਸਿੰਘ ਅਤੇ ਹੋਰਾਂ ਨੂੰ ਉਨ੍ਹਾਂ ਉਪਰ ਨਾਮਜਦ ਕੀਤੇ ਗਏ 8 ਕੇਸਾਂ ਅਧੀਨ ਦਿੱਲੀ ਦੀ ਇਕ ਅਦਾਲਤ ਅੰਦਰ ਪੁਲਿਸ ਦੀ ਸਖ਼ਤ ਸੁਰੱਖਿਆ ਹੇਠ ਪੇਸ਼ ਕੀਤਾ ਗਿਆ ।ਇਹ ਉਨ੍ਹਾਂ ਦੀ ਅਦਾਲਤ ਅੰਦਰ 65 ਵੀ ਟ੍ਰਾਇਲ ਪੇਸ਼ੀ ਸੀ। ਜਿਕਰਯੋਗ ਹੈ ਕਿ ਇਹ ਮਾਮਲੇ ਪੰਜਾਬ ਰਾਜ ਨਾਲ ਸੰਬੰਧਤ ਸਨ ਪਰ ਦੇਸ਼ ਦੀ ਐਨਆਈਏ ਨੇ ਆਪਣੇ ਰਸੂਖ ਵਰਤਦਿਆਂ ਵਕੀਲਾਂ ਅਤੇ ਪਰਿਵਾਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇੰਨ੍ਹਾ ਨੂੰ ਦਿੱਲੀ ਤਬਦੀਲ ਕਰਵਾ ਦਿੱਤੇ ਸਨ ।ਬੰਦੀ ਸਿੰਘਾਂ ਵਲੋਂ ਅਦਾਲਤ ਅੰਦਰ ਪੇਸ਼ ਹੋਏ ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੇ ਦਸਿਆ ਇਸਤਗਾਸਾ ਪੱਖ ਜੱਗੀ ਵਿਰੁੱਧ ਕਥਿਤ ਗਵਾਹਾਂ ਨੂੰ ਵਿਦੇਸ਼ ਵਿੱਚ ਹੋਣ ਕਾਰਨ ਤਲਬ ਕਰਨ ਵਿੱਚ ਅਸਫਲ ਰਿਹਾ ਹੈ । ਜੱਜ ਨੇ ਕਥਿਤ ਵਿਦੇਸ਼ੀ ਗਵਾਹਾਂ ਦੇ ਸੰਬੰਧ ਵਿੱਚ ਐਨਆਈਏ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੁਸ਼ਟੀ ਕਰਨ ਕਿ ਉਹ ਉਨ੍ਹਾਂ ਨੂੰ ਕਦੋਂ ਬੁਲਾਉਣ ਦੀ ਯੋਜਨਾ ਬਣਾ ਰਹੇ ਹਨ। ਧਿਆਨ ਦੇਣ ਯੋਗ ਹੈ ਕਿ ਅੱਜ 3050 ਦਿਨ ਬੀਤ ਜਾਣ ਮਗਰੋਂ ਵੀ ਜੱਗੀ ਵਿਰੁੱਧ ਅਦਾਲਤ ਅੰਦਰ ਇੱਕ ਵੀ ਸਬੂਤ ਪੇਸ਼ ਨਹੀਂ ਕੀਤਾ ਗਿਆ ਹੈ ।ਅਦਾਲਤ ਅੰਦਰ ਚਲ ਰਹੇ ਮਾਮਲੇਆ ਨੂੰ ਜਲਦ ਖ਼ਤਮ ਕਰਣ ਲਈ 9-10-11 ਅਤੇ 12 ਮਾਰਚ ਨੂੰ ਲਗਾਤਾਰ ਸੁਣਵਾਈ ਕੀਤੀ ਗਈ ਸੀ ਪਰ 12 ਮਾਰਚ ਦੀ ਸੁਣਵਾਈ ਨੂੰ ਕੋਈ ਵੀ ਗਵਾਹ ਪੇਸ਼ ਨਹੀਂ ਹੋਣ ਕਰਕੇ ਮੁਲਤਵੀ ਕਰ ਦਿੱਤੀ ਗਈ ਸੀ ਜਿਸ ਕਰਕੇ ਅਗਲੀ ਸੁਣਵਾਈ 25 ਮਾਰਚ ਲਈ ਮੁਕਰਰ ਕੀਤੀ ਗਈ ਹੈ।

### ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਜੱਬੋਵਾਲ ਅਕੈਡਮੀ ਵੱਲੋਂ

# ਹਰ ਮਹੀਨੇ ਤਰ੍ਹਾਂ ਲੋੜਵੰਦਾਂ ਨੂੰ ਰਾਸ਼ਨ ਵੰਡਿਆ : ਸੰਤ ਬਾਬਾ ਮਲਕੀਅਤ ਸਿੰਘ ਜੱਬੋਵਾਲ



**ਚੌਕ ਮਹਿਤਾ 12 ਮਾਰਚ, ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਜੱਬੋਵਾਲ ਅਕੈਡਮੀ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਮਲਕੀਅਤ ਸਿੰਘ ਦੀ ਅਗਵਾਈ ਹੇਠ ਹਰ ਮਹੀਨੇ ਦੀ ਤਰ੍ਹਾਂ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਇਹ ਰਾਸ਼ਨ ਤਕਰੀਬਨ 150 ਲੋੜਵੰਦਾਂ ਪ੍ਰਵਾਰਾਂ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਰਾਸ਼ਨ ਵੰਡਿਆ ਜਾਂਦਾ ਹੈ।ਖਾਲਸਾ ਅਕੈਡਮੀ ਵਿਖੇ ਬੱਚੇ ਅਤੇ ਬੱਚੀਆਂ ਨੂੰ ਗੁਰਬਾਣੀ ਦੀ ਸੁੱਧ ਸੰਥਿਆ,ਕਥਾ, ਕੀਰਤਨ ਵੀ ਫ੍ਰੀ ਸਿਖਿਆ ਜਾਂਦਾ ਹੈ।ਲੋੜਵੰਦ ਪਰਿਵਾਰਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਸੁਸਾਇਟੀ ਵੱਲੋਂ ਕੀਤੀ ਜਾਂਦੀ ਹੈ ।ਅਤੇ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ। ਲੋੜਵੰਦ ਬੱਚੀਆਂ ਦੇ ਆਨੰਦ ਕਾਰਜ ਸਮੇਂ ਸਮੇਂ ਸਿਰ ਕੀਤੇ ਜਾਂਦੇ ਹਨ। ਅਤੇ ਇਸ ਸੁਸਾਇਟੀ ਦੇ ਜਿੰਨੇ ਵੀ ਸੇਵਦਾਰ ਹਨ ਉਹ ਆਪਣੀ ਕਿਰਤ ਕਮਾਈ ਕਰਕੇ ਇਸ ਭਲੇ ਦੇ ਕਾਰਜ਼ ਵਿਚ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇਂ ਹਨ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਮਲਕੀਅਤ ਸਿੰਘ ਜੀ ਵੱਲੋਂ ਦੇਸ਼ਾਂ ਵਿਦੇਸ਼ਾਂ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਕਰਦੇ ਹਨ ਕਿ ਇਸ ਅਕੈਡਮੀ ਵਿੱਚ ਤਨ ਮਨ ਧਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਤੇ ਗਿਆਨੀ ਤੇਜਬੀਰ ਸਿੰਘ ਭਲਾਈਪੁਰ,,,( ਕਨੇਡਾ) ਭਾਈ ਬਾਜ ਸਿੰਘ, ਆਦਿ ਸੇਵਾਦਾਰ ਹਾਜ਼ਰ ਸਨ।





# ਫਿਲਮ ਧੁਰੰਧਰ 2 ਦੇ ਪੋਸਟਰ ਵਿੱਚ ਦਸਤਾਰਧਾਰੀ ਸਿੱਖ ਪਾਤਰ ਨੂੰ ਸਿਗਰਟ ਫੜੇ ਹੋਏ ਦਿਖਾਣਾ ਸਿੱਖਾਂ ਦਾ ਅਪਮਾਨ: ਸਰਨਾ

ਨਵੀਂ ਦਿੱਲੀ 12 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਫਿਲਮ ਧੁਰੰਧਰ 2 ਦੇ ਗੀਤ ਦੇ ਪੋਸਟਰ ਵਿੱਚ ਇੱਕ ਦਸਤਾਰਧਾਰੀ ਸਿੱਖ ਪਾਤਰ ਨੂੰ ਸਿਗਰਟ ਫੜੇ ਹੋਏ ਦਿਖਾਇਆ ਗਿਆ ਹੈ। ਇਹ ਚਿਤਰਣ ਅਤਿ ਦਰਜੇ ਦਾ ਅਪਮਾਨਜਨਕ ਹੈ ਅਤੇ ਸਿੱਖ ਧਾਰਮਿਕ ਸਿਧਾਂਤਾਂ ਦੀ ਗੰਭੀਰ ਉਲੰਘਣਾ ਹੈ।ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮੁੱਖੀ ਸਰਦਾਰ ਪਰਮਜੀਤ ਸਿੰਘ ਸਰਨਾ ਕੇ ਕਿਹਾ ਸਿੱਖ ਰਹਿਤ ਮਰਿਆਦਾ ਵਿੱਚ, ਤੰਬਾਕੂ ਦੀ ਸਖ਼ਤ ਮਨਾਹੀ ਹੈ ਅਤੇ ਇਸਨੂੰ ਬੱਜਰ ਕੁਰਹਿਤ ਮੰਨਿਆ ਜਾਂਦਾ ਹੈ, ਜੋ ਕਿ ਸਿੱਖ ਰਹਿਤ ਦੀ ਸਭ ਤੋਂ ਵੱਡੀ ਉਲੰਘਣਾ ਵਿੱਚੋਂ ਇੱਕ ਹੈ। ਇਸ ਲਈ ਇੱਕ ਸਿੱਖ ਨੂੰ ਸਿਗਰਟ ਫੜਦੇ ਹੋਏ ਦਸਤਾਰ ਪਹਿਨੇ ਹੋਏ ਦਿਖਾਉਣਾ ਸਿੱਖ ਪਛਾਣ ਦੀ ਸਪੱਸ਼ਟ ਰੂਪ ਵਿੱਚ ਗਲਤ ਪੇਸ਼ਕਾਰੀ ਹੈ ਅਤੇ ਦੁਨੀਆ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਉਨ੍ਹਾਂ ਕਿਹਾ ਸਿੱਖ ਦੀ ਦਸਤਾਰ ਭਰੋਸਾ ਦਾ ਨਾਮ ਹੈ। ਇਸ ਸੰਦਰਭ ਵਿੱਚ ਇਸਦੀ ਵਰਤੋਂ ਫਿਲਮ ਦੇ ਬਿਰਤਾਂਤ ਲਈ ਪੂਰੀ ਤਰ੍ਹਾਂ ਅਪ੍ਰਸੰਗਿਕ ਹੈ ਅਤੇ ਵਿਸ਼ਵਵਿਆਪੀ ਦਰਸ਼ਕਾਂ ਦੇ ਸਾਹਮਣੇ ਸਿੱਖ ਵਿਸ਼ਵਾਸਾਂ ਨੂੰ ਮਾਮੂਲੀ ਅਤੇ ਗਲਤ ਢੰਗ ਨਾਲ ਪੇਸ਼ ਕਰ ਰਹੀ ਹੈ। ਅਜਿਹੀ ਕਲਪਨਾ ਸਿੱਧੇ ਤੌਰ 'ਤੇ ਸਿੱਖ ਭਾਵਨਾਵਾਂ 'ਤੇ ਹਮਲਾ ਕਰਦੀ ਹੈ ਅਤੇ ਸਿੱਖ ਧਰਮ ਦੀ ਇੱਕ ਵਿਗੜੀ ਹੋਈ ਸਮਝ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਕਿਹਾ ਅਸੀਂ ਸਬੰਧਤ ਅਧਿਕਾਰੀਆਂ ਨੂੰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਣ, ਚਿੱਤਰਣ ਦੀ ਜਾਂਚ ਕਰਨ ਅਤੇ ਨਿਰਮਾਤਾਵਾਂ ਨੂੰ ਇਸ ਅਪਮਾਨਜਨਕ ਪੋਸਟਰ ਨੂੰ ਹਟਾਉਣ ਜਾਂ ਠੀਕ ਕਰਨ ਲਈ ਨਿਰਦੇਸ਼ ਦੇਣ ਦੀ ਅਪੀਲ ਕਰਦੇ ਹਾਂ। ਕਿਉਂਕਿ ਇਹ ਪੂਰਨ ਰੂਪ ਵਿੱਚ ਸਿੱਖਾਂ ਦੇ ਚਿੰਨਾਂ ਦਾ ਨਿਰਦਾਰ ਹੈ ।



# ਨੈਸ਼ਨਲ ਅਕਾਲੀ ਦਲ ਫੌਜੀ ਪਰਿਵਾਰ ਦੀ ਸਹਾਇਤਾ ਲਈ ਅੱਗੇ ਆਇਆ, ਡੀਐਮਡੀ ਤੋਂ ਪੀੜਤ ਇਸ਼ਿਤ ਸਿੰਘ ਦੇ ਇਲਾਜ ਵਿੱਚ ਮਦਦ ਦੀ ਕੀਤੀ ਅਪੀਲ




**ਨਵੀਂ ਦਿੱਲੀ, 12 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਇੱਕ ਗੰਭੀਰ ਬਿਮਾਰੀ ਤੋਂ ਪੀੜਤ ਇੱਕ ਸਿਪਾਹੀ ਦੇ ਪੁੱਤਰ ਦੇ ਇਲਾਜ ਲਈ ਇੱਕ ਜਨਤਕ ਅਪੀਲ ਕੀਤੀ ਜਾ ਰਹੀ ਹੈ। ਨੈਸ਼ਨਲ ਅਕਾਲੀ ਦਲ ਵੀ ਆਪਣਾ ਫਰਜ਼ ਸਮਝਦੇ ਹੋਏ ਸਹਾਇਤਾ ਦੀ ਪੇਸ਼ਕਸ਼ ਕਰਨ ਲਈ ਅੱਗੇ ਆਇਆ ਹੈ। ਫੌਜੀ ਸਿਪਾਹੀ ਹਰਪ੍ਰੀਤ ਸਿੰਘ ਦਾ ਪੁੱਤਰ ਇਸ਼ਿਤ ਸਿੰਘ ਇਕ ਗੰਭੀਰ ਬਿਮਾਰੀ ਡੁਚੇਨ ਮਸਕੂਲਰ ਡਿਸਟ੍ਰੋਫੀ (ਡੀਐਮਡੀ) ਤੋਂ ਪੀੜਤ ਹੈ ਜਿਸਦੇ ਇਲਾਜ ਦੀ ਲਾਗਤ ਲਗਭਗ 27 ਕਰੋੜ ਹੋਣ ਦਾ ਅਨੁਮਾਨ ਹੈ। ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨਾ ਪਰਿਵਾਰ ਲਈ ਬਹੁਤ ਮੁਸ਼ਕਲ ਹੋ ਗਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਮਦਦ ਲੈਣ ਲਈ ਮਜਬੂਰ ਹੋਣਾ ਪਿਆ ਹੈ। ਇਸ ਸਥਿਤੀ ਦੇ ਮੱਦੇਨਜ਼ਰ, ਨੈਸ਼ਨਲ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਇੱਕ ਮਾਨਵਤਾਵਾਦੀ ਪਹਿਲ ਕੀਤੀ ਅਤੇ ਪਰਿਵਾਰ ਨੂੰ 21,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇੱਕ ਸਿਪਾਹੀ ਦੇਸ਼ ਦੀ ਸੇਵਾ ਕਰਦਾ ਹੈ, ਪਰ ਅੱਜ ਉਸ ਦਾ ਪਰਿਵਾਰ ਆਪਣੇ ਬੱਚੇ ਦੇ ਇਲਾਜ ਲਈ ਸੰਘਰਸ਼ ਕਰ ਰਿਹਾ ਹੈ, ਜੋ ਕਿ ਬਹੁਤ ਹੀ ਦੁਖਦਾਈ ਸਥਿਤੀ ਹੈ। ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਨੈਸ਼ਨਲ ਅਕਾਲੀ ਦਲ ਜਲਦੀ ਹੀ ਆਪਣੇ ਅਧਿਕਾਰੀਆਂ ਦੀ ਇੱਕ ਮੀਟਿੰਗ ਬੁਲਾਏਗਾ ਤਾਂ ਜੋ ਇਸ਼ਿਤ ਸਿੰਘ ਦੀ ਮਦਦ ਲਈ ਹੋਰ ਫੰਡ ਇਕੱਠੇ ਕੀਤੇ ਜਾ ਸਕਣ। ਉਨ੍ਹਾਂ ਸਮਾਜ ਦੇ ਸਾਰੇ ਵਰਗਾਂ, ਸਮਾਜਿਕ ਸੰਗਠਨਾਂ ਅਤੇ ਸਮਰੱਥ ਵਿਅਕਤੀਆਂ ਨੂੰ ਅੱਗੇ ਆਉਣ ਅਤੇ ਬੱਚੇ ਦੀ ਜਾਨ ਬਚਾਉਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਅਤੇ ਰਾਜ ਸਰਕਾਰ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਇਸ਼ਿਤ ਸਿੰਘ ਦੇ ਇਲਾਜ ਲਈ ਸਰਕਾਰੀ ਸਹਾਇਤਾ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਤਾਂ ਜੋ ਉਹ ਸਮੇਂ ਸਿਰ ਇਲਾਜ ਕਰਵਾ ਸਕੇ। ਇਸ਼ਿਤ ਸਿੰਘ ਦੀ ਮਾਂ, ਪ੍ਰਿਆ ਕਨੌਜੀਆ ਨੇ ਭਾਵੁਕ ਤੌਰ 'ਤੇ ਭਾਈਚਾਰੇ ਨੂੰ ਮਦਦ ਦੀ ਅਪੀਲ ਕੀਤੀ। ਉਨ੍ਹਾਂ ਨੇ ਹੰਝੂਆਂ ਭਰੀਆਂ ਆਵਾਜ਼ਾਂ ਵਿੱਚ ਉਮੀਦ ਪ੍ਰਗਟ ਕੀਤੀ ਕਿ ਸਾਰਿਆਂ ਨੂੰ ਉਨ੍ਹਾਂ ਦੇ ਪੁੱਤਰ ਦੀ ਜਾਨ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਉਹ ਇਲਾਜ ਕਰਵਾ ਸਕੇ ਅਤੇ ਇੱਕ ਆਮ ਜ਼ਿੰਦਗੀ ਜੀ ਸਕੇ। ਫਿਲਹਾਲ, ਪਰਿਵਾਰ ਨੂੰ ਉਮੀਦ ਹੈ ਕਿ ਸਮਾਜ, ਸਮਾਜਿਕ ਸੰਗਠਨ ਅਤੇ ਸਰਕਾਰ ਬੱਚੇ ਦੀ ਮਦਦ ਲਈ ਇਕੱਠੇ ਹੋਣਗੇ ਅਤੇ ਸਮੇਂ ਸਿਰ ਉਸ ਦੇ ਇਲਾਜ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਗੇ। ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਜਦੋਂ ਸੀਐਸਆਰ ਫੰਡਾਂ ਰਾਹੀਂ ਹੋਰ ਲੋਕਾਂ ਦੀ ਮਦਦ ਕੀਤੀ ਜਾ ਸਕਦੀ ਹੈ, ਤਾਂ ਦੇਸ਼ ਦੀ ਸੇਵਾ ਕਰ ਰਹੇ ਇੱਕ ਸੈਨਿਕ ਦੇ ਪਰਿਵਾਰ ਦੀ ਮਦਦ ਕਿਉਂ ਨਹੀਂ ਕੀਤੀ ਜਾ ਰਹੀ ? ਉਨ੍ਹਾਂ ਨੇ ਸਰਕਾਰ ਅਤੇ ਵੱਡੀਆਂ ਕੰਪਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਇਸ ਸੈਨਿਕ ਦੇ ਪਰਿਵਾਰ ਦੀ ਮਦਦ ਕਰਨ। ਇਸ ਮੌਕੇ ਨੈਸ਼ਨਲ ਅਕਾਲੀ ਦਲ ਸੋਸ਼ਲ ਵਿੰਗ ਦੀ ਰਾਸ਼ਟਰੀ ਪ੍ਰਧਾਨ ਰਸ਼ਮੀਤ ਕੌਰ ਬਿੰਦਰਾ ਅਤੇ ਰਿਦਮ ਚੱਢਾ ਨੇ ਵੀ ਸਾਰਿਆਂ ਨੂੰ ਇਸ਼ਿਤ ਸਿੰਘ ਦੀ ਮਦਦ ਕਰਨ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਸੰਗਰਾਣਾ ਸਾਹਿਬ ਪਿੰਡ ਰੋੜੀ ਸਿਰਸਾ ਦੇ ਗੁਰੂਘਰ ਦੇ ਪ੍ਰਬੰਧਕਾਂ ਵੱਲੋਂ

# ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਪਿੰਡ ਰੋੜੀ ਪੁੱਜਣ ਤੇ ਸਨਮਾਨਿਤ ਕੀਤਾ ਗਿਆ









ਗੁਰਦੁਆਰਾ ਸੰਗਰਾਣਾ ਸਾਹਿਬ ਪਿੰਡ ਰੋੜੀ ਸਿਰਸਾ ਦੇ ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਅੱਜ 12 ਮਾਰਚ 2026 ਨੂੰ ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਪਿੰਡ ਰੋੜੀ ਪੁੱਜਣ ਤੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਕਾਲਾਂਵਾਲੀ ਮੰਡੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੀ ਮੰਗ 'ਤੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ) ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵੱਲੋਂ ਕੀਰਤਨੀ ਸਾਜ਼ ਹਰਮੋਨੀਅਮ, ਤਬਲਾ,ਢੋਲਕੀ, ਚਿਮਟੇ, ਛੈਣੇ ਭੇਂਟ ਕੀਤੇ ਗਏ











ਕਾਲਾਂਵਾਲੀ ਮੰਡੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੀ ਮੰਗ ਤੇ ਅੱਜ 12 ਮਾਰਚ 2026 ਨੂੰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ) ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵੱਲੋਂ ਕੀਰਤਨੀ ਸਾਜ਼ ਹਰਮੋਨੀਅਮ, ਤਬਲਾ, ਢੋਲਕੀ, ਚਿਮਟੇ, ਛੈਣੇ ਭੇਂਟ ਕੀਤੇ ਗਏ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਜਥੇਦਾਰ ਦਾਦੂਵਾਲ ਜੀ ਅਤੇ ਸੁੱਖ ਸੇਵਾ ਸਿਮਰਨ ਟਰੱਸਟ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਸਰਦਾਰ ਜਗਤਾਰ ਸਿੰਘ ਮਾਨ ਮਿੱਠੜੀ ਅੰਤਰਿੰਗ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਕਸਬਾ ਰੋੜੀ ਸਿਰਸਾ ਅਸਥਾਨ ਬਾਬਾ ਗੌਂਸਪੁਰੀ ਵਿਖੇ

# ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਧੁਰ ਕੀ ਬਾਣੀ ਦੇ 10 ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ















ਕਸਬਾ ਰੋੜੀ ਸਿਰਸਾ ਅਸਥਾਨ ਬਾਬਾ ਗੌਂਸਪੁਰੀ ਵਿਖੇ ਅੱਜ 12 ਮਾਰਚ 2026 ਨੂੰ ਧੁਰ ਕੀ ਬਾਣੀ ਦੇ 10 ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦੇ ਹੋਏ ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ,ਨਗਰ ਪੰਚਾਇਤ ਅਤੇ ਪ੍ਰਬੰਧਕਾਂ ਵੱਲੋਂ ਸਿਰਪਾਓ ਭੇਂਟ ਕਰਕੇ ਜਥੇਦਾਰ ਦਾਦੂਵਾਲ ਜੀ ਨੂੰ ਸਨਮਾਨਿਤ ਕੀਤਾ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਆਵਾਜ਼ਿ ਕੌਮ AWAZE QAUM

ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ

# ਪਿੰਡ ਗਿਆਨਾ ਨੇੜੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਪਹਿਲੇ ਦਿਨ ਦੇ ਦੀਵਾਨ ਸਜਾਏ ਗਏ









ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ 12 -13 - 14 ਮਾਰਚ ਦਿਨ ਦੇ ਧਾਰਮਿਕ ਦੀਵਾਨ ਪਿੰਡ ਗਿਆਨਾ ਨੇੜੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਜਾਏ ਜਾ ਰਹੇ ਹਨ ਅੱਜ ਪਹਿਲੇ ਦਿਨ ਦੇ ਦੀਵਾਨ ਦੀਆਂ ਯਾਦਗਾਰੀ ਤਸਵੀਰਾਂ।



ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਪੰਥਕ ਲਿਖਾਰੀ ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਨੂੰ ਭਾਰੀ ਸਦਮਾ, ਮਾਤਾ ਦਾ ਹੋਇਆ ਦਿਹਾਂਤ**

# ਦਮਦਮੀ ਟਕਸਾਲ ਵੱਲੋਂ ਮਾਤਾ ਜੀ ਨੂੰ ਦੁਸ਼ਾਲਾ ਭੇਂਟ ਕੀਤਾ ਗਿਆ







**ਚੌਂਕ ਮਹਿਤਾ 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਮਦਮੀ ਟਕਸਾਲ ਨਾਲ ਸਬੰਧਿਤ ਪੰਥਕ ਲਿਖਾਰੀ ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਜੀ ਦੇ ਮਾਤਾ ਜਸਬੀਰ ਕੌਰ ਅਕਾਲ ਪੁਰਖੁ ਵਾਹਿਗੁਰੂ ਵਲੋਂ ਬਖਸ਼ੀ ਆਰਜਾ ਭੋਗਦਿਆਂ



ਅੱਜ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ।ਜਿੰਨਾ ਦਾ ਅੰਤਿਮ ਸੰਸਕਾਰ ਪਿੰਡ ਜੇਠੂਵਾਲ ਦੇ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ ।ਇਸ ਮੌਕੇ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਸੰਤ ਬਾਬਾ ਅਜੀਤ ਸਿੰਘ ਜੀ ਤਰਨਾ ਦਲ ਮਹਿਤਾ ਚੌਂਕ ਅਤੇ ਗਿਆਨੀ ਸਾਹਿਬ ਸਿੰਘ ਜਥੇ ਦੇ ਜ਼ਿਮੇਵਾਰ ਸਿੰਘਾਂ ਸਮੇਤ ਅੰਤਿਮ ਸੰਸਕਾਰ ਵਿਚ ਸ਼ਾਮਿਲ ਹੋਏ ।ਅਤੇ ਮਾਤਾ ਜੀ ਨੂੰ ਦੁਸ਼ਾਲਾ ਭੇਂਟ ਕੀਤਾ ਗਿਆ। ਇਸ ਮੌਕੇ ਤੇ ਹਰਪ੍ਰੀਤ ਸਿੰਘ ਪਟਵਾਰੀ, ਜਸਵਿੰਦਰ ਸਿੰਘ ਲਾਲੀ, ਨੰਬਰਦਾਰ ਕੁਲਦੀਪ ਸਿੰਘ, ਤਸਵੀਰ ਸਿੰਘ ਫੌਜੀ, ਭਾਈ ਜਤਿੰਦਰ ਸਿੰਘ, ਉਸਤਾਦ ਮੰਗਲ ਸਿੰਘ, ਕੁਲਦੀਪ ਸਿੰਘ, ਸੰਤੋਖ ਸਿੰਘ ਰਾਜਾ ਸਾਂਸੀ, ਦਰਸ਼ਨ ਸਿੰਘ ਠਰੂ, ਜਥੇਦਾਰ ਜਸਵਿੰਦਰ ਸਿੰਘ ਜੋਧਪੁਰੀ, ਢਾਡੀ ਨਿਰਮਲ ਸਿੰਘ, ਭਾਈ ਮਨਜੀਤ ਸਿੰਘ ਮਿਸ਼ਨਰੀ, ਇੰਸਪੈਕਟਰ ਹਰਮੀਤ ਸਿੰਘ, ਗੁਰਮੁੱਖ ਸਿੰਘ ਔਲਖ, ਡਾਕਟਰ ਸੁਖਰਾਜ ਸਿੰਘ, ਬਾਬਾ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਭਾਈ ਰਘਵੀਰ ਸਿੰਘ ਵਾਲਸਾਲ ਅਤੇ ਹੋਰ ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

ਇਸ ਦੌਰਾਨ ਭਾਈ ਰਘਵੀਰ ਸਿੰਘ ਵਾਲਸਾਲ ਐਡੀਟਰ-ਇਨ-ਚੀਫ਼ ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ ਤੇ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਭਾਈ ਪਰਮਜੀਤ ਸਿੰਘ ਢਾਡੀ ਵੈਨਸਫੀਲਡ, ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ ਯੂ. ਕੇ. ਅਤੇ ਭਾਈ ਕਪਤਾਨ ਸਿੰਘ (ਇੰਗਲੈਂਡ) ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ, ਯੂ. ਕੇ. ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਪਵਿੱਤਰ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਪੰਜਾਬ ਸਰਕਾਰ ਵੱਲੋਂ ਆਰਮੀ, ਪੈਰਾਮਿਲਟਰੀ ਫੋਰਸ**

# ਐਸ.ਐਸ.ਸੀ. ਪੰਜਾਬ ਪੁਲਿਸ ਦੀ ਭਰਤੀ ਲਈ ਮੁਫਤ ਲਿਖਤੀ ਪੇਪਰ ਅਤੇ ਫਿੱਜੀਕਲ ਟਰੇਨਿੰਗ ਸੀ-ਪਾਈਟ ਕੈਂਪ ਰਣੀਕੇ ਵਿਖੇ ਸ਼ੁਰੂ

ਜੰਡਿਆਲਾ ਗੁਰੂ 12 ਮਾਰਚ ( ਕੁਲਵੰਤ ਸਿੰਘ ਵਿਰਦੀ )ਸੀ-ਪਾਈਟ ਕੈਂਪ ਰਣੀਕੇ, ਅੰਮ੍ਰਿਤਸਰ ਦੇ ਅਧਿਕਾਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਹੈ ਕਿ ਏ.ਆਰ.ਓ ਅੰਮ੍ਰਿਤਸਰ ਅਸਿਸਟੈਂਟ ਰਿਕਿਊਟਿੰਗ ਅਫਸਰ ਨੇ ਸੀ-ਪਾਈਟ ਕੈਂਪ ਰਣੀਕੇ ਵਿਖੇ ਪਹੁੰਚ ਕੇ 2026 ਦੀ ਆਰਮੀ ਜਿਸ ਦੀ ਰਿਜ਼ਸਟਰੇਸ਼ਨ 13 ਫਰਵਰੀ 2026 ਤੋਂ 01 ਅਪਰੈਲ 2026 ਤੱਕ ਸੂਰੂ ਹੋ ਗਈ ਹੈ। ਪੰਜਾਬ ਪੁਲਿਸ ਦੀ ਰਜ਼ਿਸਟਰੇਸ਼ਨ 10 ਮਾਰਚ 2026 ਤੋਂ 30 ਮਾਰਚ 2026 ਤੱਕ ਹੈ ਆਪ ਜਲਦੀ ਤੋਂ ਜਲਦੀ ਰਜ਼ਿਸਟਰੇਸ਼ਨ ਕਰਕੇ ਕੇ ਸੀ-ਪਾਈਟ ਕੈਂਪ ਰਣੀਕੇ ਵਿਖੇ ਪਹੁੰਚੋ ।ਟ੍ਰੇਨਿੰਗ ਅਫਸਰ



ਕੈਪਟਨ ਅਜੀਤ ਸਿੰਘ ਨੇ ਵੀ ਯੁਵਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਆਰਮੀ ਅਗਨੀਵੀਰ ਵਿੱਚ ਭਰਤੀ ਲਈ ਲਿਖਤੀ ਪੇਪਰ ਲਈ ਕਲਾਸਾ 16 ਫਰਵਰੀ 2026 ਤੋਂ ਸ਼ੁਰੂ ਹੋ ਗਈਆਂ ਹਨ ।ਪੰਜਾਬ ਪੁਲਿਸ ਦੀਆਂ ਲਿਖਤੀ ਪੇਪਰ ਦੀ ਕਲਾਸਾਂ 10 ਮਾਰਚ 2026 ਤੋਂ ਸ਼ੁਰੂ ਹੋ ਗਈਆਂ ਹਨ। ਪੰਜਾਬ ਪੁਲਿਸ ਅਰਮੀ ਫਿੱਜੀਕਲ ਦੀ ਟਰੇਨਿੰਗ ਸੀ-ਪਾਈਟ ਕੈਂਪ ਰਣੀਕੇ,ਅੰਮ੍ਰਿਤਸਰ ਵਿਖੇ ਬਹੁਤ ਜੋਰ ਨਾਲ ਚੱਲ ਰਹੀ ਹੈ। ਉਨਾਂ ਦੱਸਿਆ ਕਿ ਜਿਹੜੇ ਯੁਵਕ ਜਿਲਾਂ ਅੰਮ੍ਰਿਤਸਰ, ਗੁਰਦਾਸਪੁਰ,ਪਠਾਨਕੋਟ ਨਾਲ ਸਬੰਧਿਤ ਹਨ ਅਤੇਐਸ,ਐਸ.ਸੀ/ਆਰਮੀ ਅਗਨੀਵੀਰ/ ਪੰਜਾਬ ਪੁਲਿਸ ਦੇ ਲਿਖਤੀ ਪੇਪਰ/ ਫਿੱਜੀਕਲ ਟੈਸਟ ਦੀ ਤਿਆਰੀ ਕਰਨਾ ਚਾਹੁੰਦੇ ਹਨ ।ਉਹ ਯੁਵਕ ਸੀ-ਪਾਈਟ ਕੈਂਪ ਰਣੀਕੇ ,ਅੰਮ੍ਰਿਤਸਰ ਵਿਖੇ ਆ ਕੇ ਮੁੱਫਤ ਤਿਆਰੀ ਕਰ ਸਕਦੇ ਹਨ। ਕੈਂਪ ਵਿੱਚ ਯੁਵਕਾਂ ਵਾਸਤੇ ਜਿੰਮ ਅਤੇ ਵਧੀਆ ਗਰਾਂਊਡ (400 ਮੀਟਰ ਟ੍ਰੈਕ) ਵਧੀਆਂ ਵਾਲੀਬਾਲ ਗਰਾਂਊਡ ਅਤੇ ਇਸ ਤੋਂ ਇਲਾਵਾ ਹੋਰ ਕਈ ਖੇਡਾਂ ਦਾ ਖਾਸ ਪ੍ਰਬੰਧ ਹੈ। ਕੈਂਪ ਦੀ ਟਰੇਨਿੰਗ ਲੈਣ ਲਈ ਦਸਤਾਵੇਜ ਦੀਆ ਫੋਟੋ ਕਾਪੀਆਂ ਜਿਵੇ ਆਧਾਰ ਕਾਰਡ,ਦਸਵੀਂ ਕਲਾਸ ਜਾ ਬਾਰਵੀ ਕਾਲਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ ਫੋਟੋਗਰਾਫ ਅਤੇ ਫੋਟੋ ਕਾਪੀ ਨਾਲ ਲੈ ਕੇ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ ।ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਟਰੇਨਿੰਗ ਦੌਰਾਨ ਯੂਵਕਾ ਨੂੰ ਟਰੇਨਿੰਗ,ਪੜਾਈ,ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ। ਇਸ ਸਬੰਧੀ ਯੂਵਕ ਵਧੇਰੇ ਜਾਣਕਾਰੀ ਲਈ ਇਹਨ੍ਹਾਂ ਮੁਬਾਇਲ ਨੰਬਰ ਅਤੇ 7009317626 , 9872840492 ਤੇ ਸਪੰਰਕ ਕਰ ਸਕਦੇ ਹਨ ਅਤੇ ਟਰੇਨਿੰਗ ਲੈਣ ਲਈ ਜਲਦੀ ਸੀ-ਪਾਈਟ ਕੈਂਪ ਆਈ.ਟੀ.ਆਈ ਰਣੀਕੇ,ਅੰਮ੍ਰਿਤਸਰ ਵਿਖੇ ਆ ਕੇ ਟਰੇਨਿੰਗ ਦਾ ਲਾਭ ਲੈ ਸਕਦੇ ਹਨ।

# ਲਾਪਰਵਾਹ ਡਰਾਈਵਿੰਗ - ਆਧੁਨਿਕ ਸੜਕਾਂ ਉੱਤੇ ਵੱਧਦਾ ਖ਼ਤਰਾ

ਲਾਪਰਵਾਹ ਡਰਾਈਵਿੰਗ ਦੁਨੀਆ ਭਰ ਦੀਆਂ ਸੜਕਾਂ ਉੱਤੇ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਬਣ ਚੁੱਕੀ ਹੈ। ਹਰ ਸਾਲ ਹਜ਼ਾਰਾਂ ਲੋਕ ਆਪਣੀ ਜ਼ਿੰਦਗੀ ਗੁਆ ਬੈਠਦੇ ਹਨ ਜਾਂ ਗੰਭੀਰ ਸੱਟਾਂ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਦਾ ਮੁੱਖ ਕਾਰਨ ਬੇਧਿਆਨੀ ਅਤੇ ਜੋਸ਼ ਭਰੀ ਡਰਾਈਵਿੰਗ ਹੁੰਦੀ ਹੈ। ਭਾਵੇਂ ਆਧੁਨਿਕ ਵਾਹਨ ਤੇਜ਼ ਅਤੇ ਤਕਨੀਕੀ ਤੌਰ 'ਤੇ ਅੱਗੇ ਵੱਧ ਰਹੇ ਹਨ, ਪਰ ਸਟੀਅਰਿੰਗ ਦੇ ਪਿੱਛੇ ਮਨੁੱਖੀ ਵਿਉਹਾਰ ਅਕਸਰ ਗੈਰ-ਜ਼ਿੰਮੇਵਾਰ ਹੀ ਰਹਿੰਦਾ ਹੈ। ਖ਼ਾਸ ਕਰਕੇ ਨੌਜਵਾਨ ਡਰਾਈਵਰਾਂ ਵਿੱਚ ਲਾਪਰਵਾਹ ਡਰਾਈਵਿੰਗ ਹੁਣ ਇੱਕ ਅਚਨਚੇਤੀ ਗਲਤੀ ਨਹੀਂ ਰਹੀ, ਸਗੋਂ ਇੱਕ ਖਤਰਨਾਕ ਰੁਝਾਨ ਬਣਦੀ ਜਾ ਰਹੀ ਹੈ।



ਲਾਪਰਵਾਹ ਡਰਾਈਵਿੰਗ ਕੀ ਹੈ?

ਲਾਪਰਵਾਹ ਡਰਾਈਵਿੰਗ ਦਾ ਅਰਥ ਹੈ ਵਾਹਨ ਨੂੰ ਬੇਧਿਆਨੀ, ਬੇਪਰਵਾਹੀ ਜਾਂ ਬਹੁਤ ਜੋਸ਼ ਨਾਲ ਚਲਾਉਣਾ, ਬਿਨਾਂ ਇਸ ਗੱਲ ਦੀ ਪਰਵਾਹ ਕੀਤੇ ਕਿ ਇਸ ਨਾਲ ਸੜਕ 'ਤੇ ਮੌਜੂਦ ਹੋਰ ਲੋਕਾਂ ਦੀ ਸੁਰੱਖਿਆ ਨੂੰ ਖ਼ਤਰਾ ਹੋ ਸਕਦਾ ਹੈ। ਇਸ ਵਿੱਚ ਆਮ ਤੌਰ 'ਤੇ ਇਹ ਵਿਉਹਾਰ ਸ਼ਾਮਲ ਹੁੰਦੇ ਹਨ: - ਬਹੁਤ ਉੱਚੀ ਰਫ਼ਤਾਰ ਨਾਲ ਵਾਹਨ ਚਲਾਉਣਾ। - ਟ੍ਰੈਫਿਕ ਨਿਯਮਾਂ ਅਤੇ ਸੰਕੇਤਾਂ ਦੀ ਅਣਦੇਖੀ ਕਰਨਾ। - ਖਤਰਨਾਕ ਢੰਗ ਨਾਲ ਓਵਰਟੇਕ ਕਰਨਾ। - ਡਰਾਈਵਿੰਗ ਦੌਰਾਨ ਮੋਬਾਈਲ ਫੋਨ ਦੀ ਵਰਤੋਂ। - ਸਰਕਾਰੀ ਸੜਕਾਂ 'ਤੇ ਰੇਸ ਲਗਾਉਣਾ। - ਵਾਹਨਾਂ ਵਿੱਚ ਸੁਰੱਖਿਅਤ ਦੂਰੀ ਨਾ ਰੱਖਣਾ। ਇਹ ਸਾਰੇ ਵਿਉਹਾਰ ਡਰਾਈਵਰ ਦੀ ਪ੍ਰਤੀਕਿਰਿਆ ਦੇ ਸਮੇਂ ਨੂੰ ਘਟਾ ਦਿੰਦੇ ਹਨ ਅਤੇ ਹਾਦਸਿਆਂ ਦੀ ਸੰਭਾਵਨਾ ਨੂੰ ਕਾਫ਼ੀ ਵਧਾ ਦਿੰਦੇ ਹਨ। ਨੌਜਵਾਨਾਂ ਵਿੱਚ ਲਾਪਰਵਾਹ ਡਰਾਈਵਿੰਗ ਕਿਉਂ ਵੱਧ ਰਹੀ ਹੈ? ਨੌਜਵਾਨ ਡਰਾਈਵਰਾਂ ਵਿੱਚ ਲਾਪਰਵਾਹ ਡਰਾਈਵਿੰਗ ਦੇ ਵੱਧਣ ਪਿੱਛੇ ਕਈ ਮਨੋਵਿਗਿਆਨਕ, ਸਮਾਜਿਕ ਅਤੇ ਸੱਭਿਆਚਾਰਕ ਕਾਰਕ ਕੰਮ ਕਰਦੇ ਹਨ।

**ਰੋਮਾਂਚ ਅਤੇ ਐਡ੍ਰਿਨਲਿਨ ਦੀ ਖੋਜ**-ਬਹੁਤ ਸਾਰੇ ਨੌਜਵਾਨਾਂ ਨੂੰ ਤੇਜ਼ ਰਫ਼ਤਾਰ ਦਾ ਰੋਮਾਂਚ ਪਸੰਦ ਹੁੰਦਾ ਹੈ। ਤੇਜ਼ ਡਰਾਈਵਿੰਗ ਨਾਲ ਉਨ੍ਹਾਂ ਨੂੰ ਐਡ੍ਰਿਨਲਿਨ ਦਾ ਉਤਸ਼ਾਹ ਮਿਲਦਾ ਹੈ, ਜਿਸ ਨਾਲ ਉਹ ਆਪਣੇ ਆਪ ਨੂੰ ਤਾਕਤਵਰ ਅਤੇ ਦਲੇਰ ਮਹਿਸੂਸ ਕਰਦੇ ਹਨ।

**ਸਾਥੀਆਂ ਦਾ ਦਬਾਅ**-ਕਈ ਵਾਰ ਨੌਜਵਾਨ ਆਪਣੇ ਦੋਸਤਾਂ ਨੂੰ ਪ੍ਰਭਾਵਿਤ ਕਰਨ ਲਈ ਜੋਸ਼ ਭਰੀ ਡਰਾਈਵਿੰਗ ਕਰਦੇ ਹਨ। ਡਰਾਈਵਿੰਗ ਕੌਸ਼ਲ ਦਿਖਾਉਣ ਜਾਂ ਗਲੀ ਰੇਸਾਂ ਵਿੱਚ ਹਿੱਸਾ ਲੈਣ ਦੀ ਕੋਸ਼ਿਸ਼ ਖਤਰਨਾਕ ਵਿਉਹਾਰ ਨੂੰ ਜਨਮ ਦਿੰਦੀ ਹੈ।

**ਮੀਡੀਆ ਅਤੇ ਫ਼ਿਲਮਾਂ ਦਾ ਪ੍ਰਭਾਵ**-ਐਕਸ਼ਨ ਫ਼ਿਲਮਾਂ ਅਤੇ ਸੋਸ਼ਲ ਮੀਡੀਆ ਵਿੱਚ ਤੇਜ਼ ਰਫ਼ਤਾਰ ਡਰਾਈਵਿੰਗ ਨੂੰ ਅਕਸਰ ਰੋਮਾਂਚਕ ਅਤੇ ਵੀਰਤਾ ਭਰੀ ਦੀ ਤਰ੍ਹਾਂ ਦਰਸਾਇਆ ਜਾਂਦਾ ਹੈ। ਨੌਜਵਾਨ ਦਰਸ਼ਕ ਕਈ ਵਾਰ ਅਸਲ ਜ਼ਿੰਦਗੀ ਦੇ ਨਤੀਜਿਆਂ ਨੂੰ ਸੋਚੇ ਸਮਝੇ ਬਿਨਾਂ ਇਨ੍ਹਾਂ ਦੀ ਨਕਲ ਕਰਨ ਲੱਗ ਪੈਂਦੇ ਹਨ।

**ਅਤਿ-ਆਤਮਵਿਸ਼ਵਾਸ**-ਨਵੇਂ ਡਰਾਈਵਰ ਅਕਸਰ ਆਪਣੀਆਂ ਯੋਗਤਾਵਾਂ ਨੂੰ ਵੱਧ ਸਮਝਦੇ ਹਨ ਅਤੇ ਖ਼ਤਰਿਆਂ ਨੂੰ ਘੱਟ ਸਮਝਦੇ ਹਨ। ਆਧੁਨਿਕ ਕਾਰਾਂ ਦੀ ਤੇਜ਼ ਐਕਸੀਲੇਰੇਸ਼ਨ ਕਾਰਨ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਉੱਚੀ ਰਫ਼ਤਾਰ 'ਤੇ ਵੀ ਪੂਰਾ ਕਾਬੂ ਰੱਖਦੇ ਹਨ।

**ਜਾਗਰੂਕਤਾ ਅਤੇ ਅਨੁਸ਼ਾਸਨ ਦੀ ਘਾਟ**-ਕਈ ਨੌਜਵਾਨ ਸੜਕ ਸੁਰੱਖਿਆ ਦੇ ਨਿਯਮਾਂ ਅਤੇ ਲਾਪਰਵਾਹ ਡਰਾਈਵਿੰਗ ਦੇ ਕਾਨੂੰਨੀ ਨਤੀਜਿਆਂ ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ।

**ਤਣਾਅ ਅਤੇ ਭਾਵਨਾਤਮਕ ਅਸਥਿਰਤਾ**-ਗੁੱਸਾ, ਨਿਰਾਸ਼ਾ ਜਾਂ ਬੇਸਬਰੀ ਵੀ ਜੋਸ਼ ਭਰੀ ਡਰਾਈਵਿੰਗ ਨੂੰ ਵਧਾਉਂਦੀ ਹੈ, ਖ਼ਾਸ ਕਰਕੇ ਭਾਰੀ ਟ੍ਰੈਫਿਕ ਵਾਲੀਆਂ ਸਥਿਤੀਆਂ ਵਿੱਚ।

**ਲਾਪਰਵਾਹ ਡਰਾਈਵਿੰਗ ਦੇ ਨਕਾਰਾਤਮਕ ਪ੍ਰਭਾਵ**-ਲਾਪਰਵਾਹ ਡਰਾਈਵਿੰਗ ਦੇ ਵਿਅਕਤੀਆਂ, ਪਰਿਵਾਰਾਂ ਅਤੇ ਸਮਾਜ 'ਤੇ ਗੰਭੀਰ ਪ੍ਰਭਾਵ ਪੈਂਦੇ ਹਨ।

**ਸੜਕ ਹਾਦਸੇ ਅਤੇ ਮੌਤਾਂ**-ਇਸ ਦਾ ਸਭ ਤੋਂ ਵੱਡਾ ਪ੍ਰਭਾਵ ਸੜਕ ਹਾਦਸਿਆਂ ਵਿੱਚ ਵਾਧਾ ਹੈ। ਉੱਚੀ ਰਫ਼ਤਾਰ ਵਾਲੇ ਟੱਕਰ ਅਕਸਰ ਗੰਭੀਰ ਸੱਟਾਂ ਜਾਂ ਮੌਤ ਦਾ ਕਾਰਨ ਬਣਦੇ ਹਨ।

**ਸਰੀਰਕ ਅਪਾਹਜਤਾ**-ਬਚੇ ਹੋਏ ਪੀੜਤਾਂ ਨੂੰ ਕਈ ਵਾਰ ਸਥਾਈ ਅਪਾਹਿਜਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਰੀੜ੍ਹ ਦੀ ਹੱਡੀ ਦੀ ਸੱਟ, ਦਿਮਾਗੀ ਨੁਕਸਾਨ ਜਾਂ ਅੰਗਾਂ ਦਾ ਨੁਕਸਾਨ।

**ਮਾਨਸਿਕ ਝਟਕਾ**-ਹਾਦਸਿਆਂ ਦੇ ਪੀੜਤ, ਡਰਾਈਵਰ ਅਤੇ ਉਨ੍ਹਾਂ ਦੇ ਪਰਿਵਾਰ ਲੰਬੇ ਸਮੇਂ ਤੱਕ ਮਾਨਸਿਕ ਤਣਾਅ, ਡਿਪ੍ਰੈਸ਼ਨ ਜਾਂ ਟ੍ਰੌਮਾ ਦਾ ਸ਼ਿਕਾਰ ਹੋ ਸਕਦੇ ਹਨ।

**ਆਰਥਿਕ ਨੁਕਸਾਨ**-ਇਲਾਜ ਦਾ ਖਰਚਾ, ਵਾਹਨਾਂ ਦੀ ਮੁਰੰਮਤ, ਬੀਮਾ ਖਰਚੇ ਅਤੇ ਕਾਨੂੰਨੀ ਜੁਰਮਾਨੇ ਵੱਡਾ ਆਰਥਿਕ ਬੋਝ ਬਣਦੇ ਹਨ।

**ਮਨੁੱਖੀ ਜਾਨ ਦਾ ਨੁਕਸਾਨ**-ਹਰ ਹਾਦਸਾ ਪਰਿਵਾਰਾਂ ਨੂੰ ਭਾਵਨਾਤਮਕ ਅਤੇ ਸਮਾਜਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਕਈ ਵਾਰ ਬੱਚੇ ਮਾਪਿਆਂ ਤੋਂ ਵਾਂਝੇ ਹੋ ਜਾਂਦੇ ਹਨ ਜਾਂ ਪਰਿਵਾਰ ਆਪਣਾ ਕਮਾਉਣ ਵਾਲਾ ਮੈਂਬਰ ਗੁਆ ਬੈਠਦਾ ਹੈ।

**ਟ੍ਰੈਫਿਕ ਜਾਮ ਅਤੇ ਲੋਕਾਂ ਲਈ ਪਰੇਸ਼ਾਨੀ**-ਲਾਪਰਵਾਹ ਡਰਾਈਵਿੰਗ ਕਾਰਨ ਹੋਏ ਹਾਦਸੇ ਸੜਕਾਂ 'ਤੇ ਜਾਮ ਪੈਦਾ ਕਰਦੇ ਹਨ ਅਤੇ ਰੋਜ਼ਾਨਾ ਜੀਵਨ ਵਿੱਚ ਰੁਕਾਵਟ ਪੈਦਾ ਕਰਦੇ ਹਨ।

**ਲਾਪਰਵਾਹ ਡਰਾਈਵਿੰਗ ਦੇ ਫ਼ਾਇਦੇ ਅਤੇ ਨੁਕਸਾਨ**-ਭਾਵੇਂ ਲਾਪਰਵਾਹ ਡਰਾਈਵਿੰਗ ਬਹੁਤ ਨੁਕਸਾਨਦਾਇਕ ਹੈ, ਫਿਰ ਵੀ ਕੁਝ ਲੋਕ ਗਲਤਫ਼ਹਿਮੀ ਵਿੱਚ ਇਸ ਦੇ ਕੁਝ ਫ਼ਾਇਦੇ ਮੰਨਦੇ ਹਨ।

**ਸੰਭਾਵਿਤ ਫ਼ਾਇਦੇ**-ਘੱਟ ਸਮੇਂ ਵਿੱਚ ਯਾਤਰਾ

ਉੱਚੀ ਰਫ਼ਤਾਰ ਨਾਲ ਡਰਾਈਵ ਕਰਨ ਨਾਲ ਕਈ ਵਾਰ ਲੱਗਦਾ ਹੈ ਕਿ ਮੰਜ਼ਿਲ ਜਲਦੀ ਪਹੁੰਚੀ ਜਾ ਸਕਦੀ ਹੈ।

**ਰੋਮਾਂਚ ਅਤੇ ਉਤਸ਼ਾਹ**-ਤੇਜ਼ ਰਫ਼ਤਾਰ ਕੁਝ ਸਮੇਂ ਲਈ ਰੋਮਾਂਚਕ ਅਨੁਭਵ ਦਿੰਦੀ ਹੈ।

**ਦੋਸਤਾਂ ਵਿਚ ਛਵੀ ਬਣਾਉਣਾ**-ਕੁਝ ਨੌਜਵਾਨ ਸਮਝਦੇ ਹਨ ਕਿ ਅਗਰੈਸੀਵ ਡਰਾਈਵਿੰਗ ਨਾਲ ਉਹ ਬਹਾਦਰ ਜਾਂ ਕਾਬਿਲ ਡਰਾਈਵਰ ਦਿਖਾਈ ਦਿੰਦੇ ਹਨ। ਪਰ ਇਹ ਸਾਰੇ ਫ਼ਾਇਦੇ ਅਸਥਾਈ ਅਤੇ ਭਰਮਾਤਮਕ ਹੁੰਦੇ ਹਨ।

**ਅਸਲੀ ਨੁਕਸਾਨ**-ਘਾਤਕ ਹਾਦਸਿਆਂ ਦਾ ਵੱਡਾ ਖ਼ਤਰਾ

ਤੇਜ਼ ਰਫ਼ਤਾਰ ਨਾਲ ਪ੍ਰਤੀਕਿਰਿਆ ਦਾ ਸਮਾਂ ਘਟ ਜਾਂਦਾ ਹੈ ਅਤੇ ਟੱਕਰ ਦੀ ਤੀਬਰਤਾ ਵੱਧ ਜਾਂਦੀ ਹੈ।

**ਕਾਨੂੰਨੀ ਸਜ਼ਾਵਾਂ**-ਬਹੁਤ ਸਾਰੇ ਦੇਸ਼ਾਂ ਵਿੱਚ ਲਾਪਰਵਾਹ ਡਰਾਈਵਿੰਗ ਲਈ ਭਾਰੀ ਜੁਰਮਾਨੇ, ਲਾਇਸੈਂਸ ਮੁਅੱਤਲ ਹੋਣਾ ਜਾਂ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ।

ਵਾਹਨਾਂ ਅਤੇ ਸੰਪਤੀ ਦਾ ਨੁਕਸਾਨ

ਹਾਦਸਿਆਂ ਨਾਲ ਮਹਿੰਗੀ ਮੁਰੰਮਤ ਅਤੇ ਬੀਮਾ ਦਾਵਿਆਂ ਦਾ ਬੋਝ ਵੱਧਦਾ ਹੈ।

**ਸਰਕਾਰੀ ਸੁਰੱਖਿਆ ਲਈ ਖ਼ਤਰਾ**-ਲਾਪਰਵਾਹ ਡਰਾਈਵਰ ਪੈਦਲ ਯਾਤਰੀਆਂ, ਸਾਈਕਲ ਸਵਾਰਾਂ ਅਤੇ ਹੋਰ ਡਰਾਈਵਰਾਂ ਲਈ ਵੱਡਾ ਖ਼ਤਰਾ ਬਣਦੇ ਹਨ।

**ਭਾਵਨਾਤਮਕ ਅਤੇ ਸਮਾਜਕ ਪ੍ਰਭਾਵ**-ਪੀੜਤ ਪਰਿਵਾਰਾਂ ਨੂੰ ਗਹਿਰਾ ਦੁੱਖ ਅਤੇ ਲੰਬੇ ਸਮੇਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਪਸ਼ਟ ਹੈ ਕਿ ਨੁਕਸਾਨ ਕਿਸੇ ਵੀ ਕਥਿਤ ਫ਼ਾਇਦੇ ਨਾਲੋਂ ਕਈ ਗੁਣਾ ਵੱਧ ਹਨ।

**ਲਾਪਰਵਾਹ ਡਰਾਈਵਿੰਗ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ**-ਇਸ ਸਮੱਸਿਆ ਨੂੰ ਘਟਾਉਣ ਲਈ ਵਿਅਕਤੀਆਂ, ਪਰਿਵਾਰਾਂ ਅਤੇ ਸਰਕਾਰੀ ਸੰਸਥਾਵਾਂ ਦੀ ਸਾਂਝੀ ਕੋਸ਼ਿਸ਼ ਲਾਜ਼ਮੀ ਹੈ। ਮਹੱਤਵਪੂਰਨ ਕਦਮ ਇਹ ਹਨ:

- ਨੌਜਵਾਨ ਡਰਾਈਵਰਾਂ ਲਈ ਮਜ਼ਬੂਤ ਸੜਕ ਸੁਰੱਖਿਆ ਸਿੱਖਿਆ।
- ਟ੍ਰੈਫਿਕ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ।
- ਹਾਦਸਿਆਂ ਦੇ ਖਤਰਿਆਂ ਬਾਰੇ ਜਾਗਰੂਕਤਾ ਮੁਹਿੰਮਾਂ।
- ਮਾਪਿਆਂ ਵੱਲੋਂ ਸਹੀ ਮਾਰਗਦਰਸ਼ਨ ਅਤੇ ਜ਼ਿੰਮੇਵਾਰ ਡਰਾਈਵਿੰਗ ਦੀ ਸੰਸਕ੍ਰਿਤੀ।
- ਸਪੀਡ ਮੋਨੀਟਰਿੰਗ ਸਿਸਟਮ ਅਤੇ ਟ੍ਰੈਫਿਕ ਕੈਮਰਿਆਂ ਦੀ ਸਥਾਪਨਾ।

ਸੜਕ 'ਤੇ ਧੀਰਜ ਅਤੇ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ।

ਲਾਪਰਵਾਹ ਡਰਾਈਵਿੰਗ ਸਿਰਫ਼ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਹੈ, ਸਗੋਂ ਮਨੁੱਖੀ ਜੀਵਨ ਅਤੇ ਸਰਕਾਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ। ਭਾਵੇਂ ਤੇਜ਼ ਰਫ਼ਤਾਰ ਦਾ ਰੋਮਾਂਚ ਕਈ ਨੌਜਵਾਨਾਂ ਲਈ ਖਿੱਚ ਪੈਦਾ ਕਰਦਾ ਹੈ, ਪਰ ਇਸ ਦੇ ਨਤੀਜੇ—ਸੱਟਾਂ, ਮੌਤਾਂ ਅਤੇ ਭਾਵਨਾਤਮਕ ਦੁੱਖ—ਬਹੁਤ ਹੀ ਭਿਆਨਕ ਹੁੰਦੇ ਹਨ। ਜ਼ਿੰਮੇਵਾਰ ਡਰਾਈਵਿੰਗ ਦੀਆਂ ਆਦਤਾਂ ਵਿਕਸਿਤ ਕਰਨਾ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਅਤੇ ਮਨੁੱਖੀ ਜੀਵਨ ਦੀ ਕਦਰ ਕਰਨਾ ਸੁਰੱਖਿਅਤ ਸੜਕਾਂ ਬਣਾਉਣ ਲਈ ਬਹੁਤ ਮਹੱਤਵਪੂਰਨ ਹੈ। ਅਸਲ ਡਰਾਈਵਿੰਗ ਕੌਸ਼ਲ ਰਫ਼ਤਾਰ ਜਾਂ ਖਤਰਨਾਕ ਕਰਤੱਬਾਂ ਨਾਲ ਨਹੀਂ, ਸਗੋਂ ਅਨੁਸ਼ਾਸਨ, ਜਾਗਰੂਕਤਾ ਅਤੇ ਹੋਰਾਂ ਪ੍ਰਤੀ ਸਤਿਕਾਰ ਨਾਲ ਮਾਪਿਆ ਜਾਂਦਾ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ , ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ**

ਆਵਾਜ਼ਿ ਕੌਮ AWAZE QAUM

ਸੰਤ ਬਾਬਾ ਗੁਰਬਖਸ਼ ਸਿੰਘ ਜੀ ਖਾਲਸਾ ਜੱਬੋਵਾਲ ਅਕੈਡਮੀ ਵੱਲੋਂ ਦੇਸ ਵਿਦੇਸ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ

# ਹਰ ਮਹੀਨੇ ਲੋੜਵੰਦ ਪ੍ਰੀਵਾਰਾਂ ਨੂੰ ਵੰਡਿਆ ਜਾਂਦਾ ਰਾਸ਼ਨ



ਜੰਡਿਆਲਾ ਗੁਰੂ 12 ਮਾਰਚ ( ਕੁਲਵੰਤ ਸਿੰਘ ਵਿਰਦੀ ) ਨੈਸ਼ਨਲ ਹਾਈਵੇ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਸੰਤ ਬਾਬਾ ਗੁਰਬਖਸ਼ ਸਿੰਘ ਜੀ ਖਾਲਸਾ ਜੱਬੋਵਾਲ ਅਕੈਡਮੀ, ਵੱਲੋ ਬੜੇ ਹੀ ਨੇਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ। ਅਤੇ ਇਸ ਅਕੈਡਮੀ ਵੱਲੋਂ ਲੋੜਵੰਦ ਬੱਚਿਆਂ ਅਤੇ ਗਰੀਬ ਪਰਿਵਾਰਾਂ ਦੀ ਬਾਂਹ ਫੜੀ ਜਾ ਰਹੀ ਹੈ । ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਅਕੈਡਮੀ ਵੱਲੋਂ ਗਰੀਬ ਪਰਿਵਾਰਾਂ ,ਲੋੜਵੰਦ ਪਰਿਵਾਰਾਂ ,ਅਤੇ ਜਿਨਾਂ ਦਾ ਕੋਈ ਕਮਾਈ ਦਾ ਸਾਧਨ ਨਹੀਂ ਹੈ ਉਨ੍ਹਾਂ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਅਕੈਡਮੀ ਦੇ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪਹਿਲ ਕਦਮੀ ਅਤੇ ਸੇਵਾ ਦੀ ਆਰੰਭਤਾ 2013 ਤੋਂ ਸ਼ੁਰੂ ਕੀਤੀ ਅਤੇ 2014 ਨੂੰ ਰਾਸ਼ਨ ਅਸੀਂ ਪਹਿਲਾਂ ਪੰਜ ਪਰਿਵਾਰਾਂ ਵਿੱਚ ਵੰਡਿਆ ਇਹ ਉਹ ਪਰਿਵਾਰ ਸਨ ਜਿਨਾਂ ਦੇ ਕਮਰੇ ਵੀ ਕੱਚੇ ਸਨ ਅਤੇ ਕਮਾਈ ਦਾ ਜਿੰਨਾ ਦਾ ਕੋਈ ਸਾਧਨ ਵੀ ਨਹੀਂ ਸੀ ਜਾਂ ਜਿੰਨਾ ਪਰਿਵਾਰਾਂ ਵਿੱਚ ਕਮਾਉਣ ਵਾਲਾ ਵੀ ਆਦਮੀ ਨਹੀਂ ਸੀ ।ਉਹਨਾਂ ਪਰਿਵਾਰਾਂ ਤੋਂ ਆਰੰਭਤਾ ਕੀਤੀ। ਅਤੇ ਸਰਕਾਰ ਵੱਲੋਂ ਉਨਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਵੀ ਕੱਟੇ ਹੋਏ ਸਨ। ਇਸ ਮੌਕੇ ਤੇ ਬਾਬਾ ਜੀ ਨੇ ਦੱਸਿਆ ਕਿ ਅਸੀਂ ਰਾਸ਼ਨ ਦੇ ਨਾਲ ਨਾਲ ਫਿਰ ਇਹ ਵੀ ਸੋਚਿਆ ਕਿ ਇਹਨਾਂ ਦੇ ਬੱਚਿਆਂ ਨੂੰ ਅਕੈਡਮੀ ਵਿੱਚ ਹੀ ਰੱਖਿਆ ਜਾਵੇ ਅਤੇ ਉਹਨਾਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਾਲ ਗੁਰਮਤਿ ਨਾਲ ਵੀ ਜੋੜਿਆ ਜਾਵੇ। ਤਾਂ ਜੋ ਬੱਚੇ ਪੜ ਲਿਖ ਸਕਣ ਅਤੇ ਗੁਰਬਾਣੀ ਨਾਲ ਜੁੜਨ ਅਤੇ ਆਪਣੇ ਪੈਰਾਂ ਤੇ ਸਟੈਂਡ ਹੋ ਕੇ ਆਪਣੀ ਰੋਜ਼ੀ ਰੋਟੀ ਕਮਾ ਸਕਣ। ਇਸ ਸਮੇਂ ਖਾਲਸਾ ਅਕੈਡਮੀ ਵਿੱਚ ਬੱਚਿਆਂ ਦੀ ਪੜ੍ਹਾਈ ਵੀ ਫਰੀ ਹੈ ਅਤੇ ਉਹਨਾਂ ਨੂੰ ਗੁਰਮਤਿ ਦੀ ਸੰਥਿਆ ਵੀ ਦਿੱਤੀ ਜਾ ਰਹੀ ਹੈ ।ਅਤੇ ਉਹਨਾਂ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਗੁਰਬਾਣੀ ਨਾਲ ਵੀ ਜੋੜਿਆ ਜਾਂਦਾ ਹੈ। ਅਤੇ ਇੱਥੇ ਬੱਚਿਆਂ ਨੂੰ ਬਾਕਸਿੰਗ ਦੀ ਸਿਖਾਈ ਜਾਂਦੀ ਹੈ ਅਤੇ ਹੋਰ ਖੇਡਾਂ ਬਾਰੇ ਵੀ ਜਾਗਰਿਤ ਕੀਤਾ ਜਾਂਦਾ ਹੈ। ਅਕੈਡਮੀ ਦੇ ਪ੍ਰਿੰਸੀਪਲ ਸਾਹਿਬ ਵੀ ਬਹੁਤ ਹੀ ਕਾਬਲੀਅਤ ਇਨਸਾਨ ਹਨ।। ਇੱਥੇ ਬੱਚਿਆਂ ਨੂੰ ਸ਼ਾਮ ਦੇ ਟਾਈਮ ਤੇ ਕਥਾ ਕੀਰਤਨ, ਅਤੇ ਗੁਰਬਾਣੀ ਦੀ ਸੰਥਿਆ ਵੀ ਦਿੱਤੀ ਜਾਂਦੀ ਹੈ। ਅਤੇ ਬੱਚਿਆਂ ਨੂੰ ਤਬਲਾ ਹਾਰਮੋਨੀਅਮ ਵੀ ਸਿਖਾਇਆ ਜਾਂਦਾ ਹੈ।। ਇੱਥੇ ਇਹ ਦੱਸਣ ਯੋਗ ਹੈ ਕਿ ਇਹ ਅਕੈਡਮੀ ਦੇ ਸਿੰਘ ਸਮੇਂ ਸਮੇਂ ਤੇ ਪੰਜਾਬ ਤੇ ਆਈਆਂ ਮੁਸੀਬਤਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਜਿਵੇਂ ਕਿਸਾਨ ਮੋਰਚੇ ਵਿੱਚ ਵੀ ਇਹਨਾਂ ਦਾ ਅਹਿਮ ਯੋਗਦਾਨ ਰਿਹਾ ਉੱਥੇ ਵੀ ਇਹਨਾਂ ਲੰਗਰ ਦੀ ਸੇਵਾ ਨਿਭਾਈ ਅਤੇ ਹੁਣ ਹੜ ਪੀੜਤਾਂ ਵਾਸਤੇ ਵੀ ਲਗਾਤਾਰ ਨਿਰੰਤਰ ਸੇਵਾ ਇਹਨਾਂ ਦੀ ਜਾਰੀ ਹੈ ।ਅਤੇ ਇਹਨਾਂ ਦੇ ਸੇਵਾਦਾਰ ਬਹੁਤ ਹੀ ਤਨ ਮਨ ਧਨ ਨਾਲ ਆਪਣੀ ਸੇਵਾ ਕਰ ਰਹੇ ਹਨ ਇੱਥੇ ਬਾਬਾ ਮਲਕੀਤ ਸਿੰਘ ਜੀ ਨੇ ਦੱਸਿਆ ਕਿ 2014 ਤੋਂ ਲੈ ਕੇ 2025 ਤੱਕ ਹੁਣ ਲਗਭਗ 125 ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਮੁਹਈਆ ਕਰਵਾਇਆ ਜਾ ਰਿਹਾ ਹੈ।। ਇਹ ਰਾਸਨ ਵੰਡਣ ਤੋਂ ਪਹਿਲਾਂ ਸੰਗਤ ਨੂੰ ਦੋ ਘੰਟੇ 9 ਤੋਂ 11 ਵਜੇ ਤੱਕ ਨਾਮ ਜਪਾਇਆ ਜਾਂਦਾ ਹੈ। ਇਸ ਵਾਰ ਬਾਬਾ ਜੀ ਨੇ ਨਾਮ ਜਪਾਉਣ ਦੇ ਨਾਲ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਮਾਲਾ ਵੀ ਭੇਟ ਕੀਤੀਆਂ ਤਾਂ ਜੋ ਘਰ ਬੈਠ ਕੇ ਆਪਣਾ ਨਾਮ ਸਿਮਰਨ ਕਰਨ ।ਇਸ ਮੌਕੇ ਤੇ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਭਾਈ ਸੁਖਚੈਨ ਸਿੰਘ ਗਿਆਨੀ ਤੇਜ ਬੀਰ ਸਿੰਘ, ਪ੍ਰਿੰਸੀਪਲ ਸੁਰਿੰਦਰਜੀਤ ਸਿੰਘ ਜਸਪਾਲ ਸਿੰਘ ਟੋਮਾ, ਸੁਖਦੇਵ ਸਿੰਘ ਗੁਰਬਾਜ ਸਿੰਘ ਬਾਜ ,ਗੁਰਪਿੰਦਰ ਸਿੰਘ ਆਦਿ ਸੇਵਾਦਾਰ ਹਾਜਰ ਸਨ।

**ਯੂਅਰ ਸੇਵਾ ਚੈਰਾਇਟੀ ਵੱਲੋਂ ਹਰ ਮਹੀਨੇ 125 ਲੋੜਵੰਦ ਪਰਿਵਾਰਾਂ ਨੂੰ ਵੰਡਿਆ ਜਾਂਦਾ ਹੈ ਰਾਸ਼ਨ-ਬਾਬਾ ਮਲਕੀਤ ਸਿੰਘ**

## 23ਵੇਂ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਦੇ ਸਮਾਰੋਹ ਦਿੱਲੀ 'ਚ ਛਾਉਣੀ ਬੁੱਢਾ ਦਲ ਯੂ.ਐਸ.ਏ ਦੇ ਇੰਚਾਰਜ ਜਥੇਦਾਰ ਜਸਵਿੰਦਰ ਸਿੰਘ ਖਾਲਸਾ ਨੇ ਕੀਤੀ ਸਿਰਕਤ

# ਅਮਰੀਕਾ ਵਿਖੇ ਭਾਰਤ ਦੇ ਰਾਜਦੂਤ ਵਜੋਂ ਸ੍ਰ: ਸੰਧੂ ਨੇ ਸੇਵਾ ਨਿਭਾਈ ਜਥੇਦਾਰ ਜਸਵਿੰਦਰ ਸਿੰਘ ਖਾਲਸਾ



ਜੰਡਿਆਲਾ ਗੁਰੂ 12 ਮਾਰਚ ( ਕੁਲਵੰਤ ਸਿੰਘ ਵਿਰਦੀ )ਅੱਜ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਛਾਉਣੀ ਬੁੱਢਾ ਦਲ ਯੂ.ਐਸ.ਏ ਦੇ ਇੰਚਾਰਜ ਜਥੇਦਾਰ ਜਸਵਿੰਦਰ ਸਿੰਘ ਖਾਲਸਾ ਜੀ ਨੇ ਦੱਸਿਆ ਕਿ ਬੀਤੇ ਦਿਨ ਦੇਸ ਭਰ ਤੋਂ ਲੈ ਕਿ ਵਿਸਵ ਭਰ ਤੋਂ ਸੰਗਤਾਂ ਹਜਾਰਾਂ ਦੀ ਗਿਣਤੀ ਵਿੱਚ ਪਹੁੰਚ ਕਰਕੇ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ 'ਹੋਲਾ-ਮਹੱਲਾ' ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਬੜੀ ਸ਼ਰਧਾ ਨਾਲ ਮਨਾਇਆ ਗਿਆ ਹੈ ।ਅਤੇ ਹੋਲੇ ਮਹੱਲੇ ਦੇ ਤਿਉਹਾਰ ਮੌਕੇ ਅਮਰੀਕਾ ਤੋਂ ਸਪੈਸ਼ਲ ਤੌਰ ਤੇ ਸ੍ਰੀ ਆਨੰਦਪੁਰ ਸਾਹਿਬ ਜੀ ਦੀ ਧਰਤੀ ਤੇ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਬੀਤੇ ਦਿਨ ਗਵਰਨਰ ਤਰਨਜੀਤ ਸਿੰਘ ਸੰਧੂ ਜੀ ਵੱਲੋਂ ਰਾਸ਼ਟਰੀ ਰਾਜਧਾਨੀ ਵਿੱਚ ਇੱਕ ਨਵੇਂ ਪ੍ਰਸ਼ਾਸਕੀ ਅਧਿਆਏ ਦੀ ਸ਼ੁਰੂਆਤ ਕਰਦੇ ਹੋਏ, ਲੋਕ ਨਿਵਾਸ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਅਨੁਭਵੀ ਡਿਪਲੋਮੈਟ ਤਰਨਜੀਤ ਸਿੰਘ ਸੰਧੂ ਨੇ ਦਿੱਲੀ ਦੇ 23ਵੇਂ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ। ਅੱਗੇ ਜਸਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਇਸ ਸਪੈਸ਼ਲ ਸਮਾਰੋਹ ਦੌਰਾਨ ਦਾਸ ਨੂੰ ਦਿੱਲੀ ਵਿਖੇ ਬੁਲਾਇਆ ਗਿਆ ਅਤੇ ਇਸ ਖੁਸ਼ੀ ਦੇ ਸਮਾਰੋਹ ਮੌਕੇ ਦਾਸ ਨੂੰ ਵੀ ਸਿਰਕਤ ਕਰਨ ਦਾ ਮੌਕਾ ਮਿਲਿਆ ਅੱਗੇ ਜਸਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਇਸ ਮੌਕੇ ਗਵਰਨਰ ਸ੍ਰ ਤਰਨਜੀਤ ਸਿੰਘ ਸ਼ੰਧੂ ਜੀ ਨਾਲ ਵੱਖ-ਵੱਖ ਮੁੱਦਿਆਂ ਤੇ ਵੀ ਵਿਚਾਰ-ਵਟਾਂਦਰਾ ਵੀ ਕੀਤਾ ਗਿਆ !ਅਤੇ ਖੁਸ਼ੀ ਸਾਂਝੀ ਕੀਤੀ ਗਈ! ਅੱਗੇ ਜਸਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਸਿੱਖ ਸਰਦਾਰਾਂ ਨੇ ਵਿਸਵ ਭਰ ਵਿੱਚ ਆਪਣੀ ਪਹਿਚਾਣ ਬਰਕਰਾਰ ਰੱਖੀ ਹੈ ਅਤੇ ਭਾਰਤ ਦੇਸ ਨੂੰ ਉਪ ਰਾਜਪਾਲ ਸ੍ਰ ਤਰਨਜੀਤ ਸਿੰਘ ਸੰਧੂ ਦੇ ਰੂਪ ਵਿੱਚ ਸਿੱਖ ਸਰਦਾਰ ਮਿਲਿਆ ਜਿਸ ਨਾਲ ਸਿੱਖਾਂ ਲਈ ਮਾਣ ਵਾਲੀ ਗੱਲ ਹੈ !ਅੱਗੇ ਜਸਵਿੰਦਰ ਸਿੰਘ ਖਾਲਸਾ ਜੀ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਜੀ ਨੇ ਵਿਦੇਸ ਵਿੱਚ ਵਿੱਚ ਵੀ ਨਾਮ ਚਮਕਾਇਆ ਹੈ ਜੋ ਬਤੌਰ ਅਮਰੀਕਾ ਵਿਖੇ ਵੀ ਭਾਰਤ ਦੇ ਰਾਜਦੂਤ ਵੱਜੋਂ ਸੇਵਾ ਨਿਭਾ ਚੁੱਕੇ ਹਨ!

# ਪਿੰਡ ਬੱਲ ਪੁਰੀਆਂ ਕਲਾਂ 'ਚ ਧਾਰਮਿਕ ਗੁਰਮਤਿ ਸਮਾਗਮ ਕਰਵਾਇਆ ਗਿਆ



**ਚੌਕ ਮਹਿਤਾ, 12 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿੰਡ ਬੱਲ ਪੁਰੀਆਂ ਕਲਾਂ ਦੀ ਸਮੂਹ ਸੰਗਤ ਵੱਲੋਂ ਪਿੰਡ ਦੇ ਐੱਨ ਆਰ ਆਈਜ਼ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਖਜਾਲੇ ਸੰਪਰਦਾਇ ਹਰਖੋਵਾਲ ਖੁਜਾਲੇ ਵਾਲਿਆਂ ਦੀ ਪ੍ਰੇਰਨਾ ਸਦਕਾ ਹੋਲੇ ਮਹੱਲੇ ਨੂੰ ਸਮਰਪਿਤ 29ਵਾਂ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਵਿੱਚ ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕਵੀਸ਼ਰ ਭਾਈ ਪਰਮਜੀਤ ਸਿੰਘ ਯੂਕੇ, ਕਥਾਵਾਚਕ ਭਾਈ ਗੁਰਤੇਗ ਸਿੰਘ ਪੁਰੀਆਂ ਕੈਨੇਡਾ ਵਾਲੇ, ਬਾਬਾ ਹਰਜੀਤ ਸਿੰਘ ਮਹਿਤਾ ਯੂ ਕੇ ਵਾਲੇ, ਬਾਬਾ ਚੰਗਾ ਸਿੰਘ ਨੌਸਹਿਰੇ ਵਾਲੇ, ਬਾਬਾ ਸੁਖਜੀਤ ਸਿੰਘ ਫਿਰੋਜ਼ਪੁਰ ਵਾਲੇ, ਬਾਬਾ ਗੌਹਰ ਸਿੰਘ, ਢਾਡੀ ਭਾਈ ਮਲਕੀਤ ਸਿੰਘ ਬੱਗਾ, ਢਾਡੀ ਭਾਈ ਗੱਜਣ ਸਿੰਘ ਗੜਗੱਜ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਜੀਵਨ ਸਿੰਘ ਬਗੀਚੀ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਖਜਾਲੇ ਵਾਲੇ ਤੇ ਹੋਰ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਅਤੇ ਗੁਰੂ ਇਤਿਹਾਸ ਸਰਵਣ ਕਰਾ ਕੇ ਨਿਹਾਲ ਕੀਤਾ। ਇਸ ਮੌਕੇ ਹੋਏ ਅੰਮ੍ਰਿਤ ਸੰਚਾਰ ਦੌਰਾਨ 25 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਤੇ ਗੁਰੂ ਵਾਲੇ ਬਣੇ। ਇਸ ਮੌਕੇ ਗੁਰਿੰਦਰ ਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਵਾਲੇ, ਬਾਬਾ ਇਕਬਾਲ ਸਿੰਘ , ਸੰਤ ਬਾਬਾ ਕੰਵਲਜੀਤ ਸਿੰਘ ਨਾਗੀਆਣਾ ਸਾਹਿਬ ਵਾਲੇ, ਉਘੇ ਸਮਾਜ ਸੇਵੀ ਡਾ. ਹਰਨੇਕ ਸਿੰਘ ਟੋਨੀ ਬੱਲਪੁਰੀਆਂ ਅਤੇ ਇਲਾਕੇ ਦੇ ਹੋਰ ਪਤਵੰਤਿਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

# ਪਤੀ ਵੱਲੋਂ ਢਾਏ ਜਾਂਦੇ ਜੁਲਮਾਂ ਦੀ ਪੀੜਤ ਔਰਤ ਵੱਲੋਂ ਇਨਸਾ.ਫ ਦੀ ਮੰਗ



**ਚੌਕ ਮਹਿਤਾ, 12 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੁਲਿਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਖਿਆਲਾ ਕਲਾਂ ਦੀ ਜੰਮਪਲ ਮਨਜਿੰਦਰ ਕੌਰ ਪੁੱਤਰੀ ਮਰਹੂਮ ਹਰਦੇਵ ਸਿੰਘ, ਵਾਸੀ ਖਿਆਲਾ ਕਲਾਂ ਨੇ ਪੁਲਿਸ ਥਾਣਾ ਅਜਨਾਲਾ ਵਿਖੇ ਦਿੱਤੀ ਦਰਖਾਸਤ ਵਿੱਚ ਕਿਹਾ ਕਿ ਉਸਦੀ ਸ਼ਾਦੀ 13 ਸਾਲ ਪਹਿਲਾਂ ਸੰਦੀਪ ਸਿੰਘ ਪੁੱਤਰ ਅਨੋਖ ਸਿੰਘ, ਵਾਸੀ ਸੂਰੇਪੁਰ, ਨੇੜੇ ਅਜਨਾਲਾ ਨਾਲ ਹੋਈ ਸੀ, ਜਿਸ ਦੀ ਖੱਬੀ ਲੱਤ ਟਰੇਨ ਹੇਠਾਂ ਆਉਣ ਕਰਕੇ ਕੱਟੀ ਹੋਈ ਹੈ. ਉਸ ਨੇ ਦੱਸਿਆ ਕਿ ਉਸ ਦਾ ਪਰਿਵਾਰ ਅੱਜ ਕੱਲ ਘਣੂਪੁਰ ਕਾਲੇ ਵਿਖੇ ਰਹਿ ਰਿਹਾ ਹੈ. ਆਪਣੇ ਪਤੀ ਵੱਲੋਂ ਢਾਏ ਜਾਂਦੇ ਜ਼ੁਲਮਾਂ ਦੀ ਦਾਸਤਾਨ ਦੱਸਦਿਆਂ ਉਸਨੇ ਕਿਹਾ ਕਿ ਸ਼ੁਰੂ ਤੋਂ ਹੀ ਉਸਦੇ ਪਤੀ ਵੱਲੋਂ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ, ਪਰ ਪਿਛਲੇ ਕੁਝ ਸਮੇਂ ਤੋਂ ਉਸਨੇ ਬਹੁਤ ਜਿਆਦਾ ਤਸ਼ੱਦਦ ਢਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਸਦੇ ਨਾਲ ਨਾਲ ਬੱਚਿਆਂ ਦੀ ਵੀ ਮਾਰ ਕੁਟਾਈ ਕੀਤੀ ਜਾਂਦੀ ਹੈ, ਜਿਸ ਕਰਕੇ ਉਸ ਦੇ ਪੇਕੇ ਪਰਿਵਾਰ ਵਾਲੇ ਕੁਝ ਦਿਨ ਪਹਿਲਾਂ ਉਸ ਨੂੰ ਉਸਦੇ ਪੇਕੇ ਖਿਆਲਾ ਕਲਾਂ ਵਿਖੇ ਲੈ ਆਏ, ਕਿਉਂਕਿ ਉਸਦੇ ਪਤੀ ਵੱਲੋਂ ਉਸ ਨੂੰ ਜਾਨੋ ਮਾਰ ਦੀਆਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ. ਉਸਨੇ ਕਿਹਾ ਕਿ ਉਸਦਾ ਪਤੀ ਅੰਗਹੀਣ ਹੀ ਨਹੀਂ ਸਗੋਂ ਪਾਗਲਪਣ ਦੌਰੇ ਵੀ ਉਸ ਨੂੰ ਪੈਂਦੇ ਹਨ, ਜਿਸ ਦਾ ਅੰਮ੍ਰਿਤਸਰ ਦੇ ਇੱਕ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਪਾਸੋਂ ਇਲਾਜ ਵੀ ਚੱਲ ਰਿਹਾ ਹੈ. ਪੁਲਿਸ ਨੂੰ ਦਿੱਤੀ ਦਰਖਾਸਤ ਵਿੱਚ ਉਸਨੇ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਉਹ ਤਿੰਨ ਛੋਟੇ ਛੋਟੇ ਬੱਚਿਆਂ ਦੀ ਮਾਂ ਹੈ ਅਤੇ ਉਸ ਦੇ ਪੇਕੇ ਪਰਿਵਾਰ ਵਾਲੇ ਗਰੀਬ ਹਨ, ਜਿਸ ਕਰਕੇ ਉਹਨਾਂ ਦਾ ਗੁਜ਼ਾਰਾ ਬਹੁਤ ਮੁਸ਼ਿਕਲ ਹੋ ਰਿਹਾ ਹੈ. ਉਸ ਨੇ ਉੱਚ ਪੁਲਿਸ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਦੋਸ਼ੀ ਵਿਰੁੱਧ ਕਾਰਵਾਈ ਕਰਕੇ ਉਸ ਨੂੰ ਇਨਸਾਫ ਦਵਾਇਆ ਜਾਵੇ. ਇਸ ਸਬੰਧ ਵਿੱਚ ਅਜਨਾਲਾ ਥਾਣਾ ਵਿਖੇ ਤਾਇਨਾਤ ਮੈਡਮ ਕਿਰਨਜੀਤ ਕੌਰ ਨਾਲ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਵੱਲੋਂ ਫੋਨ ਨਹੀਂ ਉਠਾਇਆ ਗਿਆ।

# ਸ਼ੀਤਲਾ ਮਾਤਾ ਦੇ ਮੇਲੇ ਤੇ ਖਰੜ ਵਿਖੇ ਵੱਡੀ ਗਿਣਤੀ ਵਿੱਚ ਭਗਤਾਂ ਨੇ ਟੇਕਿਆ ਮੱਥਾ

ਖਰੜ, 12 ਮਾਰਚ (ਆਵਾਜ਼ਿ ਕੌਮ ਬਿਊਰੋ)- ਚੇਤਰ ਦੇ ਮਹੀਨੇ ਨੂੰ ਮੁੱਖ ਰੱਖਦੇ ਹੋਏ ਸੀਤਲਾ ਮਾਤਾ ਦੇ ਮੰਦਰ ਦੁਸਹਿਰਾ ਗਰਾਉਂਡ ਖਰੜ ਵਿਖੇ ਵੱਡੀ ਗਿਣਤੀ ਵਿੱਚ ਮਾਤਾ ਦੇ ਭਗਤਾਂ ਨੇ ਅੰਮ੍ਰਿਤ ਵੇਲੇ ਸ਼ਰਧਾ ਭਾਵਨਾ ਨਾਲ ਨਤਮਸਤਕ ਹੁੰਦੇ ਹੋਏ ਮੱਥਾ ਟੇਕਿਆ। ਜੈ ਮਾਂ ਸ਼ੀਤਲਾ ਮਾਤਾ ਮੰਦਰ ਕਮੇਟੀ ਦੁਸਹਿਰਾ ਗਰਾਉਂਡ ਖਰੜ ਵੱਲੋਂ ਭਗਤਾਂ ਨੂੰ ਮੰਦਰ ਪਹੁੰਚਣ ਲਈ ਕੋਈ ਦਿੱਕਤ ਨਾ ਆਵੇ ਇਸ ਲਈ ਬਹੁਤ ਹੀ ਸੁਚੱਜੇ ਢੰਗ ਨਾਲ ਤਿਆਰੀ ਕੀਤੀ ਗਈ। ਮਾਤਾ ਦੇ ਭਵਨਾਂ ਨੂੰ ਰੰਗ ਬਿਰੰਗੇ ਫੁੱਲਾਂ ਨਾਲ ਸਜਾਇਆ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਰਾਜਨ ਬਰਾੜ, ਸੰਦੀਪ ਬਰਾੜ, ਸਨੀ ਸੈਣੀ ਤੇ ਰੋਹਿਤ ਗਿੱਲ ਨੇ ਦੱਸਿਆ ਕਿ ਹਰ ਸਾਲ ਚੇਤਰ ਦੇ ਮਹੀਨੇ ਵਿੱਚ ਇਸ ਅਸਥਾਨ ਤੇ ਦੂਰੋਂ ਨੇੜੇਓ ਸ਼ਹਿਰ ਨਿਵਾਸੀ ਆ ਕੇ ਮੱਥਾ ਟੇਕਦੇ ਹਨ। ਤੇ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਇਸ ਮੌਕੇ ਸੈਣੀ ਸਵੀਟਸ਼ (ਗਾਂਧੀ ਬਾਜ਼ਾਰ) ਵਾਲਿਆਂ ਵੱਲੋਂ ਗੁਲਗਲੇ, ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਜੈ ਮਾਂ ਸਰਸਵਤੀ ਕਲੱਬ ਖਰੜ ਵੱਲੋਂ ਚਾਹ ਤੇ ਰਸਾਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਮਾਤਾ ਦੀ ਚੌਂਕੀ ਵੀ ਕਰਵਾਈ ਗਈ। ਜਿਸ ਵਿੱਚ ਗਾਇਕ ਗੁਰਬਚਨ ਬਰਾੜ, ਭਰਤ ਰੰਗੀਲਾ, ਸੋਨੂ ਮਹੰਤ ਤੇ ਕਾਰਤਿਕ ਬਰਾੜ ਵੱਲੋਂ ਮਾਤਾ ਦਾ ਗੁਣਗਾਨ ਕੀਤਾ ਗਿਆ।

ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਜਿਲਾ ਤਰਨ ਤਾਰਨ ਦੇ ਹਲਕਾ ਖੇਮਕਰਨ ਵਿੱਚ ਸਜਾਏ ਜਾ ਰਹੇ ਹਨ

# ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਵੱਲੋਂ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ











ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਦਸਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਮਾਝੇ ਦੀ ਧਰਤੀ ਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਵੱਲੋਂ ਸਹਿਯੋਗੀ ਜਥੇਬੰਦੀਆਂ ਨਾਲ ਸਜਾਏ ਜਾ ਰਹੇ ਹਨ। ਪਹਿਲਾ ਨਗਰ ਕੀਰਤਨ ਗੁਰਦੁਆਰਾ ਪਹੂਵਿੰਡ ਸਾਹਿਬ ਤੋਂ ਆਰੰਭ ਹੋ ਕੇ ਵੱਖ ਵੱਖ ਪਿੰਡਾਂ ਵਿੱਚ ਹੁੰਦਾ ਹੋਇਆ ਗੁਰਦੁਆਰਾ ਸ਼ਹੀਦ ਬਾਬਾ ਤਾਰਾ ਸਿੰਘ ਜੀ ਵਾਂ ਵਿਖੇ ਸਮਾਪਤ ਹੋਵੇਗਾ। ਦੂਸਰਾ ਨਗਰ ਕੀਰਤਨ ਗੁਰਦੁਆਰਾ ਸ਼ਹੀਦ ਬਾਬਾ ਤਾਰਾ ਸਿੰਘ ਜੀ ਵਾਂ ਅਸਥਾਨ ਤੋਂ ਆਰੰਭ ਹੋ ਕੇ ਵੱਖ ਵੱਖ ਪਿੰਡਾਂ ਵਿੱਚ ਹੁੰਦਿਆਂ ਹੋਇਆਂ ਗੁਰਦੁਆਰਾ ਭੂਰਾ ਕੋਹਨਾ ਵਿਖੇ ਸਮਾਪਤ ਹੋਵੇਗਾ। ਮਹਾਨ ਨਗਰ ਕੀਰਤਨ ਵਿੱਚ ਵੱਖ-ਵੱਖ ਸਿੰਘ ਆਪਣੀਆਂ ਸੇਵਾ ਨਿਭਾ ਰਹੇ ਹਨ। ਬਾਬਾ ਸੱਜਣ ਸਿੰਘ ਜੀ ਮੁੱਖ ਸਲਾਹਕਾਰ ਪੰਜਾਬ ,ਭਾਈ ਗੁਰਭੇਜ ਸਿੰਘ ਜੀ ਜਿਲਾ ਪ੍ਰਧਾਨ ਤਰਨ ਤਾਰਨ ਅਤੇ ਹਲਕਾ ਇੰਚਾਰਜ ਖੇਮਕਰਨ, ਜਥੇਦਾਰ ਵਜੀਰ ਸਿੰਘ ਜੀ ਵਾਂ ਜਿਲਾ ਪ੍ਰਧਾਨ ਧਾਰਮਿਕ ਵਿੰਗ, ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ, ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ ਹਲਕਾ ਇੰਚਾਰਜ ਫ਼ਤਹਿਗੜ੍ਹ ਚੂੜੀਆਂ, ਬਾਬਾ ਸਤਨਾਮ ਸਿੰਘ ਜੀ ਵੱਲੀਆਂ ਪੰਜਾਬ ਪ੍ਰਧਾਨ ਧਾਰਮਿਕ ਵਿੰਗ ,ਭਾਈ ਕਾਰਜ ਸਿੰਘ ਡਲੀਰੀ ਜਿਲਾ ਪ੍ਰਧਾਨ ਕਿਸਾਨ ਵਿੰਗ, ਬਾਬਾ ਦਇਆ ਸਿੰਘ ਜੀ, ਭਾਈ ਸਤਨਾਮ ਸਿੰਘ ਜੀ ਸੈਦੋ ਲੇਲ ਜ਼ਿਲਾ ਪ੍ਰਧਾਨ ਕਿਸਾਨ ਵਿੰਗ ਸ੍ਰੀ ਅੰਮ੍ਰਿਤਸਰ ,ਭਾਈ ਬਲਕਾਰ ਸਿੰਘ ਜਿਲਾ ਪ੍ਰਧਾਨ ਸ੍ਰੀ ਅੰਮ੍ਰਿਤਸਰ, ਭਾਈ ਭੁਪਿੰਦਰ ਸਿੰਘ, ਭਾਈ ਹੀਰਾ ਸਿੰਘ, ਭਾਈ ਗੁਰਦਿਆਲ ਸਿੰਘ ਸੈਦੋ ਲੇਹਲ ,ਭਾਈ ਰਤਨ ਸਿੰਘ ਸੋਹੀ ,ਭਾਈ ਮਨਪ੍ਰੀਤ ਸਿੰਘ ਸੋਹੀ ਦਸ਼ਮੇਸ਼ ਨਗਰ, ਭਾਈ ਪ੍ਰਭਸ਼ਰਨ ਸਿੰਘ ,ਭਾਈ ਸਤਿੰਦਰਪਾਲ ਸਿੰਘ ਮਿੱਟੂ ਮਾੜੀ ਮੇਘਾ,ਅਤੇ ਹੋਰ ਬੇਅੰਤ ਸੰਗਤਾਂ ਸਰਗਰਮ ਹਨ।

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਜਿਲਾ ਤਰਨ ਤਾਰਨ ਦੇ ਹਲਕਾ ਖੇਮਕਰਨ ਵਿੱਚ ਸਜਾਏ ਜਾ ਰਹੇ ਹਨ

# ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਵੱਲੋਂ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ’ਤੇ











ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243